ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194895582124531/

You Tube https://youtu.be/LQwolgxDu7I

awazeqaumtvpunjab@gmail.com

ਸੋਮਵਾਰ, 28 ਅਕਤੂਬਰ 2024 (ਨਾਨਕਸ਼ਾਹੀ ਸੰਮਤ : ੫੫੬, ੧੨ ਕੱਤਕ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਪੰਜਾਬ 'ਚ ਭਾਜਪਾ ਪ੍ਰਧਾਨ ਬਦਲਣ ਦੀ ਤਿਆਰੀ, ਕੌਣ ਹੋਏਗਾ ਅਗਲਾ ਪ੍ਰਧਾਨ ? ਸੁਨੀਲ ਜਾਖੜ ਚੱਲ ਰਹੇ ਨਾਰਾਜ਼, ਅਹੁਦਾ ਛੱਡਣ ਨੂੰ ਲੈ ਕੇ...

**ਚੰਡੀਗੜ੍ਹ, 27 ਅਕਤੂਬਰ (ਆਵਾਜ਼ਿ ਕੌਮ ਬਿਊਰੋ)**- ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਲਗਾਤਾਰ ਸੰਗਠਨ ਤੋਂ ਦੂਰੀ ਬਣਾ ਰਹੇ ਹਨ। ਜਾਖੜ ਹੁਣ ਜਥੇਬੰਦੀ ਦੀਆਂ ਅਹਿਮ ਮੀਟਿੰਗਾਂ ਅਤੇ ਪ੍ਰੋਗਰਾਮਾਂ ਵਿੱਚ ਨਜ਼ਰ ਨਹੀਂ ਆਉਂਦੇ। ਹਾਲ ਹੀ ਵਿੱਚ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਕੌਮੀ ਪ੍ਰਧਾਨ ਜੇਪੀ ਨੱਡਾ ਨੂੰ ਅਹੁਦੇ ਦੀ ਜ਼ਿੰਮੇਵਾਰੀ ਛੱਡਣ ਦੀ ਪੇਸ਼ਕਸ਼ ਕੀਤੀ ਸੀ। ਉਸ ਸਮੇਂ ਜਾਖੜ ਨੇ ਭਾਜਪਾ ਹਾਈਕਮਾਂਡ ਨੂੰ ਪੰਜਾਬ ਪ੍ਰਤੀ ਆਪਣਾ ਰਵੱਈਆ ਬਦਲਣ ਲਈ ਕਿਹਾ ਸੀ। ਦਰਅਸਲ, ਸੂਬਾ ਪ੍ਰਧਾਨ ਸੁਨੀਲ ਜਾਖੜ ਲਗਾਤਾਰ ਪਾਰਟੀ ਹਾਈਕਮਾਂਡ ਤੋਂ ਨਾਰਾਜ਼ ਚੱਲ ਰਹੇ ਹਨ, ਪਿਛਲੀਆਂ ਲੋਕ ਸਭਾ ਚੋਣਾਂ 'ਚ ਜਾਖੜ ਨੇ ਕਈ ਸੀਟਾਂ 'ਤੇ ਟਿਕਟਾਂ ਦੀ ਵੰਡ ਨੂੰ ਲੈ ਕੇ ਜਾਖੜ ਦੀ ਨਹੀਂ ਚੱਲੀ ਸੀ। ਇਸ ਤੋਂ ਬਾਅਦ ਭਾਜਪਾ ਨੇ ਰਵਨੀਤ ਸਿੰਘ ਬਿੱਟੂ ਨੂੰ ਲੁਧਿਆਣਾ ਤੋਂ ਆਪਣਾ ਉਮੀਦਵਾਰ ਐਲਾਨ ਦਿੱਤਾ ਸੀ। ਬਿੱਟੂ ਨੂੰ ਚੋਣ ਹਾਰਨ ਦੇ ਬਾਵਜੂਦ ਭਾਜਪਾ ਹਾਈਕਮਾਂਡ ਨੇ ਕੇਂਦਰੀ ਰੇਲ ਰਾਜ ਮੰਤਰੀ ਅਤੇ ਫੂਡ ਪ੍ਰੋਸੈਸਿੰਗ ਉਦਯੋਗ ਰਾਜ ਮੰਤਰੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਹੈ।



# ਮੁੱਖ ਮੰਤਰੀ ਵੱਲੋਂ ਅਕਾਲੀ ਦਲ 'ਤੇ ਵੱਡਾ ਹਮਲਾ

# 25 ਸਾਲ ਰਾਜ ਕਰਨ ਵਾਲਿਆਂ 4 ਉਮੀਦਵਾਰ ਨਹੀਂ ਲੱਭੇ

**ਚੰਡੀਗੜ੍ਹ, 27 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਚੱਬੇਵਾਲ ਵਿੱਚ ਵਿਧਾਨ ਸਭਾ ਜ਼ਿਮਨੀ ਚੋਣ ਦੀ ਪਹਿਲੀ ਵਲੰਟੀਅਰ ਮੀਟਿੰਗ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਆਗੂਆਂ 'ਤੇ ਤਿੱਖਾ ਨਿਸ਼ਾਨਾ ਸਾਧਿਆ। ਇਸ ਦੌਰਾਨ ਮਾਨ ਨੇ ਕਿਹਾ ਕਿ ਜਿਹੜੇ ਕਹਿੰਦੇ ਸੀ 25 ਸਾਲ ਰਾਜ ਕਰਾਂਗੇ ਉਨ੍ਹਾਂ ਨੂੰ ਵੋਟਾਂ ਵਿੱਚ ਖੜ੍ਹਨ ਲਈ 4 ਬੰਦੇ ਨਹੀਂ ਲਭ ਰਹੇ। ਮਾਨ ਨੇ ਕਿਹਾ ਕਿ ਅਕਾਲੀ ਦਲ ਨੇ ਮੱਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ ਲਾਇਆ ਤੇ ਹੁਣ ਖ਼ਤਮ ਹੋ ਗਏ। ਇਸ ਮੀਟਿੰਗ ਵਿੱਚ ਅਕਾਲੀ ਦਲ ਦੇ ਬੰਦੇ ਵੀ ਬੈਠੇ ਹੋਣਗੇ ਉਹ ਵੀ ਹੁਣ ਆਪਣੇ ਵਿੱਚ ਹੀ ਆ ਗਏ ਹਨ ਕਿਉਂਕਿ ਇਹ ਤਾਂ ਹੁਣ ਖ਼ਤਮ ਹੋ ਗਏ ਹਨ। ਮਾਨ ਨੇ ਕਿਹਾ ਕਿ ਅਕਾਲੀ ਦਲ ਵਾਲੇ ਕਹਿੰਦੇ ਨੇ ਕਿ ਸਾਡਾ ਜਰਨੈਲ ਨਹੀਂ ਚੋਣਾ ਲੜ ਰਿਹਾ, ਸੁਖਬੀਰ ਬਾਦਲ ਨੇ ਕਿਹੜੀਆਂ ਜੰਗਾਂ ਲੜੀਆਂ, ਉਸਨੇ ਤਾਂ ਬੇੜਾ ਗਰਕ ਹੀ ਕੀਤਾ, ਅਕਾਲੀ ਦਲ ਵਾਲੇ ਬਿਨਾਂ ਸੁਖਬੀਰ ਬਾਦਲ ਤੋਂ ਚੋਣਾ ਲੜ ਕੇ ਵੇਖ ਲੈਣ ਸ਼ਾਇਦ ਚਾਰ ਵੋਟਾਂ ਵੱਧ ਹੀ ਪੈ ਜਾਣ। ਮਾਨ ਨੇ ਤੰਜ ਕਸਦਿਆਂ ਕਿਹਾ ਕਿ, ਸੁਖਬੀਰ ਬਾਦਲ ਨੇ ਤਾਂ ਸੁਰਜੀਤ ਪਾਤਰ ਦਾ ਸ਼ੇਅਰ ਹੀ ਬਦਲ ਦਿੱਤਾ ਕਿ, ਐਨਾ ਝੂਠ ਨਾ ਬੋਲ ਕਿ ਇਕੱਲਾ ਹੀ ਰਹਿ ਜਾਵੇ, ਚਾਰ ਕੁ ਬੰਦੇ ਤਾਂ ਰੱਖ ਲੈ ਜਿਮਨੀ ਚੋਣਾਂ ਲੜਣ ਲਈ। ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ ਬਰਨਾਲਾ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਤੇ ਚੱਬੇਵਾਲ ਲਈ 13 ਨਵੰਬਰ ਨੂੰ ਹੋਣ ਵਾਲੀਆਂ ਜ਼ਿਮਨੀ ਚੋਣਾਂ ਨਹੀਂ ਲੜੇਗਾ। ਅਕਾਲੀ ਦਲ ਦੇ ਇਸ ਫੈਸਲੇ ਨਾਲ ਪੰਜਾਬ ਦੀ ਸਿਆਸਤ ਵਿੱਚ ਤੂਫਾਨ ਆ ਗਿਆ ਹੈ। ਅਹਿਮ ਗੱਲ ਹੈ ਕਿ ਅਕਾਲੀ ਦਲ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦਾ ਸਹਾਰਾ ਲੈ ਕੇ ਚੋਣਾਂ ਦਾ ਬਾਈਕਾਟ ਕੀਤਾ ਹੈ ਪਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਪਸ਼ਟ ਕਰ ਦਿੱਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿੱਚ ਚਾਰ ਵਿਧਾਨ ਸਭਾ ਹਲਕਿਆਂ ਵਿੱਚ ਹੋ ਰਹੀਆਂ ਜ਼ਿਮਨੀ ਚੋਣਾਂ ਵਿੱਚ ਹਿੱਸਾ ਲੈ ਸਕਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਚੋਣ ਲੜਨ ਉੱਤੇ ਕੋਈ ਪਾਬੰਦੀ ਨਹੀਂ। ਜਥੇਦਾਰ ਨੇ ਸਪਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨਾਲ ਸਬੰਧਤ ਮਾਮਲਾ ਅਕਾਲ ਤਖ਼ਤ ਵਿਖੇ ਵਿਚਾਰ ਅਧੀਨ ਹੈ, ਜਿਸ ਲਈ ਉਨ੍ਹਾਂ ਨੂੰ ਚੋਣ ਲੜਨ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ ਪਰ ਬਾਕੀ ਪਾਰਟੀ 'ਤੇ ਕੋਈ ਪਾਬੰਦੀ ਨਹੀਂ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਜ਼ਿਮਨੀ ਚੋਣਾਂ ਵਿੱਚ ਹੋਰਨਾਂ ਸਿਆਸੀ ਪਾਰਟੀਆਂ ਵਾਂਗ ਆਪਣੇ ਉਮੀਦਵਾਰ ਐਲਾਨ ਕੇ ਚੋਣ ਲੜ ਸਕਦਾ ਹੈ।



## ਆਪ ਦੇ ਸੂਬਾ ਪ੍ਰਧਾਨ ਨਹੀਂ ਰਹਿਣਗੇ ਭਗਵੰਤ ਮਾਨ ? ਕਿਹਾ- ਮੈਂ ਚਾਹੁੰਦਾ ਹਾਂ ਕਿ ਕਿਸੇ ਹੋਰ ਨੂੰ ਮਿਲੇ ਇਹ ਮੌਕਾ

**ਚੰਡੀਗੜ੍ਹ, 27 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਆਦਮੀ ਪਾਰਟੀ (ਆਪ) ਦੇ ਪ੍ਰਧਾਨ ਦਾ ਅਹੁਦਾ ਛੱਡਣ ਦੀ ਇੱਛਾ ਜ਼ਾਹਰ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਦੇ ਅਹੁਦੇ ਦੇ ਨਾਲ-ਨਾਲ ਉਹ ਸੱਤ ਸਾਲਾਂ ਤੋਂ ਪ੍ਰਧਾਨ ਦੇ ਅਹੁਦੇ ਦੀ ਜ਼ਿੰਮੇਵਾਰੀ ਵੀ ਸੰਭਾਲ ਰਹੇ ਹਨ ਪਰ ਉਹ ਚਾਹੁੰਦੇ ਹਨ ਕਿ ਪਾਰਟੀ ਨੂੰ ਪੂਰਾ ਸਮਾਂ ਪ੍ਰਧਾਨ ਮਿਲੇ ਤਾਂ ਜੋ ਹੋਰ ਆਗੂਆਂ ਨੂੰ ਮੌਕਾ ਮਿਲ ਸਕੇ। ਇਹ ਗੱਲ ਉਨ੍ਹਾਂ ਹੁਸ਼ਿਆਰਪੁਰ ਦੇ ਚੱਬੇਵਾਲ ਵਿੱਚ ਕਹੀ। ਉਨ੍ਹਾਂ ਕਿਹਾ ਕਿ ਉਹ ਇਹ ਮਾਮਲਾ ਪਾਰਟੀ ਹਾਈਕਮਾਂਡ ਅੱਗੇ ਰੱਖਣਗੇ। ਅਜਿਹੇ 'ਚ ਉਮੀਦ ਕੀਤੀ ਜਾ ਰਹੀ ਹੈ ਕਿ ਇਸ ਸਬੰਧ 'ਚ ਜਲਦ ਹੀ ਕੋਈ ਐਲਾਨ ਹੋ ਸਕਦਾ ਹੈ। ਸੀਐਮ ਮਾਨ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਅਹੁਦੇ ਦੇ ਨਾਲ-ਨਾਲ ਉਹ 13-14 ਵਿਭਾਗਾਂ ਵਿੱਚ ਜ਼ਿੰਮੇਵਾਰੀਆਂ ਸੰਭਾਲ ਰਹੇ ਹਨ। ਅਜਿਹੇ 'ਚ ਉਹ ਚਾਹੁੰਦੇ ਹਨ ਕਿ ਉਹ ਮੁੱਖ ਮੰਤਰੀ ਦੇ ਅਹੁਦੇ ਦੀ ਜ਼ਿੰਮੇਵਾਰੀ ਸੰਭਾਲ ਲੈਣ। ਉਨ੍ਹਾਂ ਕਿਹਾ ਕਿ ਉਹ ਵਲੰਟੀਅਰ ਵਜੋਂ ਕੰਮ ਕਰਦੇ ਰਹਿਣਗੇ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਹ ਇਸ ਅਹੁਦੇ 'ਤੇ ਕਿਸ ਨੂੰ ਦੇਖਣਾ ਚਾਹੁੰਦੇ ਹਨ ਤਾਂ ਉਨ੍ਹਾਂ ਦਾ ਜਵਾਬ ਸੀ ਕਿ ਇਸ ਸਬੰਧੀ ਫੈਸਲਾ ਪਾਰਟੀ ਨੇ ਲੈਣਾ ਹੈ। ਉਨ੍ਹਾਂ ਦੱਸਿਆ ਕਿ ਪ੍ਰੋਫੈਸਰ ਬੁੱਧ ਰਾਮ ਨੂੰ ਜੂਨ 2023 ਵਿੱਚ ਕਾਰਜਕਾਰੀ ਮੁਖੀ ਵਜੋਂ ਨਿਯੁਕਤ ਕੀਤਾ ਗਿਆ ਸੀ। ਯਾਦ ਰਹੇ ਕਿ ਸੀਐਮ ਮਾਨ ਦੀ ਅਗਵਾਈ ਵਿੱਚ ਪਾਰਟੀ ਨੇ ਵਿਧਾਨ ਸਭਾ ਚੋਣਾਂ 2022 ਵਿੱਚ 92 ਸੀਟਾਂ ਜਿੱਤੀਆਂ ਸਨ। ਲੋਕ ਸਭਾ ਚੋਣਾਂ 2024, ਪੰਚਾਇਤੀ ਚੋਣਾਂ ਅਤੇ ਹੁਣ ਚਾਰ ਸੀਟਾਂ 'ਤੇ ਉਪ ਚੋਣਾਂ ਵੀ ਉਨ੍ਹਾਂ ਦੀ ਅਗਵਾਈ 'ਚ ਹੋ ਰਹੀਆਂ ਹਨ। ਮਾਹਿਰਾਂ ਦੀ ਮੰਨੀਏ ਤਾਂ ਹੁਣ 2027 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਅਜਿਹੇ 'ਚ ਪਾਰਟੀ ਸੰਗਠਨ ਨੂੰ ਮਜ਼ਬੂਤ ਕਰਕੇ ਇਸ ਲੜਾਈ ਨੂੰ ਜਿੱਤਣ ਦੀ ਕੋਸ਼ਿਸ਼ ਕਰ ਰਹੀ ਹੈ। ਹਾਲਾਂਕਿ ਪਾਰਟੀ ਪ੍ਰਧਾਨ ਦੇ ਅਹੁਦੇ ਦੀ ਜ਼ਿੰਮੇਵਾਰੀ ਲਈ ਪਾਰਟੀ ਕਈ ਸਮੀਕਰਨਾਂ 'ਤੇ ਕੰਮ ਕਰੇਗੀ। ਇਸ ਦੇ ਨਾਲ ਹੀ ਸੂਤਰਾਂ ਦੀ ਮੰਨੀਏ ਤਾਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਖੁਦ ਕਾਫੀ ਸਰਗਰਮ ਹਨ। ਇਸ ਦੇ ਨਾਲ ਹੀ ਜੇਕਰ ਸੂਤਰਾਂ ਦੀ ਮੰਨੀਏ ਤਾਂ ਪਿਛਲੇ ਦਿਨੀਂ ਉਹ ਦਿੱਲੀ ਵਿੱਚ ਪੰਜਾਬ ਦੇ ਵਿਧਾਇਕਾਂ ਨਾਲ ਵੀ ਇੱਕ-ਇੱਕ ਕਰਕੇ ਮੀਟਿੰਗਾਂ ਕਰ ਚੁੱਕੇ ਹਨ।



## ਲਾਰੈਂਸ ਗੈਂਗ ਲਈ ਹਥਿਆਰਾਂ ਦਾ ਅੱਡਾ ਬਣਿਆ ਰਾਜਸਥਾਨ ? ਮੂਸੇਵਾਲਾ ਤੇ ਬਾਬਾ ਸਿੱਦੀਕੀ ਕਤਲ ਦੇ ਜੁੜੇ ਤਾਰ, ਸਰਹੱਦ ਪਾਰੋਂ ਹੁੰਦੀ ਹੈ ਸਪਲਾਈ

**ਨਵੀਂ ਦਿੱਲੀ, 27 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਵਿੱਚ ਗਾਇਕ ਸਿੱਧੂ ਮੂਸੇਵਾਲਾ, ਰਾਜਸਥਾਨ ਵਿੱਚ ਗੈਂਗਸਟਰ ਰਾਜੂ, ਰਾਸ਼ਟਰੀ ਰਾਜਪੂਤ ਕਰਨੀ ਸੈਨਾ ਦੇ ਪ੍ਰਧਾਨ ਸੁਖਦੇਵ ਸਿੰਘ ਗੋਗਾਮੇੜੀ, ਐਨਸੀਪੀ (ਅਜੀਤ ਪਵਾਰ ਧੜੇ) ਦੇ ਆਗੂ ਬਾਬਾ ਸਿੱਦੀਕੀ, ਇਹ ਕੁਝ ਮਸ਼ਹੂਰ ਕਤਲ ਹਨ ਜੋ ਲਾਰੈਂਸ ਬਿਸ਼ਨੋਈ ਅਤੇ ਉਸਦੇ ਗੈਂਗ ਦੇ ਇਸ਼ਾਰੇ 'ਤੇ ਹੋਏ ਸਨ। ਇਨ੍ਹਾਂ ਵਾਰਦਾਤਾਂ ਵਿੱਚ ਵਰਤੇ ਗਏ ਉੱਚ ਤਕਨੀਕ ਵਾਲੇ ਹਥਿਆਰ, ਉਨ੍ਹਾਂ ਦੀ ਸਪਲਾਈ ਅਤੇ ਕਤਲ ਦੀ ਸਾਜ਼ਿਸ਼ ਨਾਲ ਸਬੰਧ ਰਾਜਸਥਾਨ ਤੋਂ ਹੀ ਸਾਹਮਣੇ ਆਏ ਹਨ। ਹਾਲ ਹੀ ਵਿੱਚ ਬਾਬਾ ਸਿੱਦੀਕੀ ਕਤਲ ਕੇਸ ਵਿੱਚ ਫੜੇ ਗਏ ਸ਼ੂਟਰਾਂ ਨੇ ਇਹ ਹੈਰਾਨ ਕਰਨ ਵਾਲਾ ਖੁਲਾਸਾ ਕੀਤਾ ਹੈ। ਸਿੱਦੀਕੀ ਦੇ ਕਤਲ ਲਈ ਹਥਿਆਰ ਰਾਜਸਥਾਨ ਦੇ ਉਦੈਪੁਰ ਤੋਂ ਸਪਲਾਈ ਕੀਤੇ ਗਏ ਸਨ। ਜਾਂਚ ਏਜੰਸੀਆਂ ਨੇ ਸਰਹੱਦ ਰਾਹੀਂ ਪਾਕਿਸਤਾਨ ਤੋਂ ਭਾਰਤ ਵਿੱਚ ਹਥਿਆਰ ਆਉਣ ਦੀ ਸੰਭਾਵਨਾ ਜਤਾਈ ਹੈ। ਸਾਲ 2022 ਵਿੱਚ ਮੂਸੇਵਾਲਾ ਕਤਲ ਤੋਂ ਲੈ ਕੇ ਲਾਰੈਂਸ ਗੈਂਗ ਤੱਕ ਦੀ ਹਰ ਵੱਡੀ ਘਟਨਾ ਦਾ ਰਾਜਸਥਾਨ ਨਾਲ ਕੋਈ ਨਾ ਕੋਈ ਸਬੰਧ ਰਿਹਾ ਹੈ। ਫਿਲਹਾਲ ਮੁੰਬਈ 'ਚ ਬਾਬਾ ਸਿੱਦੀਕੀ ਕਤਲ ਕਾਂਡ ਨੂੰ ਲੈ ਕੇ ਲਾਰੈਂਸ ਗੈਂਗ ਸੁਰਖੀਆਂ 'ਚ ਹੈ। ਮੁੰਬਈ ਪੁਲਿਸ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਬਾਬਾ ਸਿੱਦੀਕੀ ਕਤਲ ਵਿੱਚ ਵਰਤੇ ਗਏ ਹਥਿਆਰ ਰਾਜਸਥਾਨ ਦੇ ਉਦੈਪੁਰ ਤੋਂ ਭੇਜੇ ਗਏ ਸਨ। ਇਹ ਹਥਿਆਰ ਕਿੱਥੇ ਰੱਖੇ ਗਏ ਸਨ ਅਤੇ ਕਿਸ ਨੇ ਸਪਲਾਈ ਕੀਤੇ ਸਨ, ਇਸ ਦਾ ਅਜੇ ਤੱਕ ਖੁਲਾਸਾ ਨਹੀਂ ਹੋਇਆ ਹੈ। ਮੁੰਬਈ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਭਗਵੰਤ ਸਿੰਘ ਨੇ ਖੁਲਾਸਾ ਕੀਤਾ ਹੈ ਕਿ ਉਸ ਨੇ ਉਦੈਪੁਰ ਦੇ ਇੱਕ ਹੋਰ ਸਾਥੀ ਨਾਲ ਮਿਲ ਕੇ ਇਹ ਹਥਿਆਰ ਮੁੰਬਈ ਪਹੁੰਚਾਏ ਸਨ। ਕਤਲੇਆਮ ਵਿੱਚ ਤਿੰਨ ਨਹੀਂ ਸਗੋਂ ਚਾਰ ਬੰਦੂਕਾਂ ਦੀ ਵਰਤੋਂ ਕੀਤੀ ਗਈ ਸੀ। ਸੂਤਰਾਂ ਦੀ ਮੰਨੀਏ ਤਾਂ ਮੁੰਬਈ ਪੁਲਿਸ ਨੂੰ ਸ਼ੱਕ ਹੈ ਕਿ ਪਾਕਿਸਤਾਨ ਤੋਂ ਡਰੋਨ ਰਾਹੀਂ ਉੱਚ ਤਕਨੀਕ ਵਾਲੇ ਹਥਿਆਰਾਂ ਦੀ ਸਪਲਾਈ ਕੀਤੀ ਗਈ ਹੈ। ਮੁੰਬਈ ਪੁਲਿਸ ਕੋਲ ਇਹ ਸਵਾਲ ਹੈ ਕਿਉਂਕਿ ਹਮਲਾਵਰਾਂ ਦੇ ਪਿਸਤੌਲ ਵਿੱਚੋਂ ਚੱਲੀ ਗੋਲੀ ਨੇ ਬੁਲੇਟ ਪਰੂਫ਼ ਕਾਰ ਦੇ ਸ਼ੀਸ਼ੇ ਨੂੰ ਵੀ ਵਿੰਨ੍ਹ ਦਿੱਤਾ ਸੀ। ਅਜਿਹੇ ਉੱਚ ਤਕਨੀਕ ਵਾਲੇ ਹਥਿਆਰ ਕਿੱਥੋਂ ਆਏ ? ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐਨ.ਆਈ.ਏ.) ਅਤੇ ਰਾਜਸਥਾਨ ਪੁਲਿਸ ਦੀ ਜਾਂਚ ਵਿਚ ਇਹ ਵੀ ਸਾਹਮਣੇ ਆਇਆ ਹੈ ਕਿ ਲਾਰੈਂਸ ਨੇ ਰਾਜਸਥਾਨ ਵਿਚ ਆਪਣੇ ਗਿਰੋਹ ਦਾ ਨੈਟਵਰਕ ਬਣਾਇਆ ਹੋਇਆ ਹੈ ਜੋ ਅਪਰਾਧਾਂ ਵਿਚ ਹਥਿਆਰਾਂ ਦੀ ਸਪਲਾਈ ਕਰਦਾ ਹੈ। ਇਹ ਹਥਿਆਰ ਸਰਹੱਦ ਪਾਰੋਂ ਆਯਾਤ ਕੀਤੇ ਜਾਂਦੇ ਹਨ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਉਹ ਫਿਰ ਤੋਂ ਉਸ ਗਿਰੋਹ ਵੱਲੋਂ ਲੁਕ ਜਾਂਦੇ ਹਨ। ਇਹੀ ਕਾਰਨ ਹੈ ਕਿ ਰਾਜਸਥਾਨ ਪਿਛਲੇ ਕੁਝ ਸਾਲਾਂ ਤੋਂ ਲਾਰੈਂਸ ਅਤੇ ਉਸ ਦੇ ਗਰੋਹ ਲਈ ਹਥਿਆਰਾਂ ਦਾ ਭੰਡਾਰ ਬਣ ਗਿਆ ਹੈ।



## ਕਿਸਾਨ ਆਗੂਆਂ ਵੱਲੋਂ ਝੋਨੇ ਦੀ ਖਰੀਦ ਨੂੰ ਲੈ ਕੇ ਪੰਜਾਬ ਸਰਕਾਰ ਦੇ ਮੰਤਰੀਆਂ ਨਾਲ ਮੀਟਿੰਗ ਤੋਂ ਬਾਅਦ ਖੋਲ੍ਹੇ ਗਏ ਜਾਮ, ਪਰ ਅੰਦੋਲਨ ਰਹੇਗਾ ਜਾਰੀ



**ਚੰਡੀਗੜ੍ਹ, 27 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਅੱਜ ਯਾਨੀਕਿ 27 ਅਕਤੂਬਰ ਨੂੰ ਕਿਸਾਨ ਮਜ਼ਦੂਰ ਮੋਰਚਾ (ਭਾਰਤ) ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਿਕ) ਦੀ ਅਗਵਾਈ ਵਿੱਚ ਝੋਨੇ ਦੀ ਖਰੀਦ ਵਿੱਚ ਚੱਲ ਰਹੀ ਮੁਸ਼ਿਕਲ ਹੱਲ ਕਰਵਾਉਣ ਲਈ ਪੰਜਾਬ ਅੰਦਰ ਸੰਗਰੂਰ ਵਿੱਚ ਬਡਰੁੱਖਾਂ, ਮੋਗਾ ਵਿੱਚ ਡਬਰੂ, ਕਪੂਰਥਲਾ ਵਿੱਚ ਫਗਵਾੜਾ, ਗੁਰਦਾਸਪੁਰ ਦੇ ਸਠਿਆਲੀ, ਬਠਿੰਡਾ ਵਿੱਚ ਜੱਸੀ ਚੌਕ ਵਿਖੇ ਮੁੱਖ ਸੜਕਾਂ ਜਾਮ ਕਰਕੇ ਅਣਮਿੱਥੇ ਸਮੇਂ ਲਈ ਕੱਲ੍ਹ ਤੋਂ ਸ਼ੁਰੂ ਧਰਨਾ ਪ੍ਰਦਰਸ਼ਨ ਦੇ ਚਲਦੇ ਪੰਜਾਬ ਸਰਕਾਰ ਵੱਲੋਂ ਫੂਡ ਸਪਲਾਈ ਮੰਤਰੀ ਕਟਾਰੂਚੱਕ ਅਤੇ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਜਥੇਬੰਦੀਆਂ ਦੇ ਆਗੂਆਂ ਨਾਲ ਫਗਵਾੜਾ ਵਿਖੇ ਮੀਟਿੰਗ ਕੀਤੀ ਗਈ। ਇਸ ਮੌਕੇ ਸੀਨੀਅਰ ਆਗੂ ਸਰਵਣ ਸਿੰਘ ਪੰਧੇਰ ਅਤੇ ਮਨਜੀਤ ਸਿੰਘ ਰਾਏ ਨੇ ਮੀਡੀਆ ਰਾਹੀਂ ਜਾਣਕਾਰੀ ਦਿੰਦੇ ਕਿਹਾ ਕਿ ਝੋਨੇ ਦੀ ਫ਼ਸਲ ਦੀ ਖਰੀਦ ਦਾ ਸੰਕਟ ਬਣਿਆ ਹੋਇਆ ਹੈ, ਜਿਸਦੇ ਚਲਦੇ ਦੋਨਾਂ ਫੋਰਮਾਂ ਵੱਲੋਂ ਸੰਘਰਸ਼ ਕੀਤਾ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਪੁੱਛਿਆ ਕਿ ਝੋਨੇ ਦੇ ਮੁੱਦੇ ਨੂੰ ਲੈ ਕੇ ਕੇਂਦਰ ਸਰਕਾਰ ਨਾਲ ਮੁੱਖ ਮੰਤਰੀ ਦੀ ਹੋਈ ਮੁਲਾਕਾਤ ਵਿੱਚ ਹੋਈ ਗੱਲਬਾਤ ਨੂੰ ਜਨਤਕ ਕੀਤਾ ਜਾਵੇ। ਕਿਸਾਨ ਆਗੂਆਂ ਦੁਆਰਾ ਮੰਗ ਰੱਖੀ ਗਈ ਕਿ ਪੂਰੇ ਕਿਸਾਨਾਂ ਦੇ ਝੋਨੇ ਦੀ ਪ੍ਰੋਕਓਰਮਿੰਟ ਤੱਕ ਮੰਡੀ ਖੁੱਲ੍ਹੀ ਰੱਖੀ ਜਾਵੇ, ਇਸ ਮੰਗ ਤੇ ਸਰਕਾਰ ਵੱਲੋਂ ਸਹਿਮਤੀ ਪ੍ਰਗਟ ਕੀਤੀ ਗਈ।

ਆਗੂਆਂ ਵੱਲੋਂ ਕਣਕ ਦੀ ਬਿਜਾਈ ਲਈ ਡੀ ਏ ਪੀ ਦੀ ਕਮੀ ਨੂੰ ਪੂਰਾ ਕਰਨ ਲਈ ਤਿਆਰੀ ਕੀਤੀ ਜਾਵੇ, ਜਿਸ ਤੇ ਸਰਕਾਰ ਵੱਲੋਂ ਕਿਹਾ ਗਿਆ ਕਿ ਕੋਆਪਰੇਟਿਵ ਸੁਸਾਇਟੀਆ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਕੋਈ ਵੀ ਆਮ ਕਿਸਾਨ ਆਪਣਾ ਅਧਾਰ ਕਾਰਡ ਦਿਖਾ ਕੇ ਨਕਦ ਡੀ. ਏ. ਪੀ. ਲੈ ਸਕਦਾ ਹੈ। ਇਸ ਪਿੱਛੋਂ ਕਿਸਾਨ ਆਗੂਆਂ ਕਿਹਾ ਕਿ ਸਰਕਾਰ ਦੁਆਰਾ ਦਿੱਤੇ ਗਏ ਆਸ਼ਵਾਸਨ ਅਤੇ 1-2 ਦਿਨਾਂ ਵਿੱਚ ਹਾਲਾਤ ਸੁਧਾਰਨ ਦੇ ਆਸ਼ਵਾਸਨ ਦਿਵਾਉਣ ਤੋਂ ਬਾਅਦ ਜਥੇਬੰਦੀਆਂ ਵੱਲੋਂ ਰੋਡ ਜਾਮ ਖੋਲਣ ਦਾ ਫੈਸਲਾ ਕੀਤਾ ਗਿਆ ਹੈ ਪਰ ਰੋਡ ਸਾਈਡ ਤੇ ਬੈਠ ਕੇ ਸੰਕੇਤਕ ਧਰਨਾ ਜਾਰੀ ਰਹੇਗਾ ਅਤੇ ਅਗਰ ਆਉਂਦੇ ਦਿਨਾਂ ਵਿੱਚ ਹਾਲਾਤਾਂ ਸੁਧਾਰ ਨਾ ਹੋਇਆ ਤਾਂ ਫਿਰ ਤੋਂ ਤਿੱਖੇ ਐਕਸ਼ਨ ਕੀਤੇ ਜਾਣਗੇ।

## ਸ਼੍ਰੋਮਣੀ ਕਮੇਟੀ ਦੀ ਚੋਣ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੰਥਨ, ਡਾ. ਦਲਜੀਤ ਚੀਮਾ ਦਾ ਵੱਡਾ ਬਿਆਨ





**ਅੰਮ੍ਰਿਤਸਰ, 27 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਭਲਕੇ ਹੋਣ ਜਾ ਰਹੀ ਹੈ। ਜਿਸ ਨੂੰ ਲੈ ਕੇ ਮਾਹੌਲ ਕਾਫ਼ੀ ਭੱਖਿਆ ਹੋਇਆ ਹੈ। ਇਸ ਦੌਰਾਨ ਐੱਸ. ਜੀ. ਪੀ. ਸੀ. ਚੋਣ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੰਥਨ ਕੀਤਾ ਗਿਆ ਹੈ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸਾਡੇ ਨਾਲ 110ਮੈਂਬਰ ਹਨ ਤੇ ਇਸ ਵਾਰ ਵੀ ਧਾਮੀ ਹੀ ਪ੍ਰਧਾਨ ਬਣਨਗੇ। ਉਨ੍ਹਾਂ ਕਿਹਾ ਪਿਛਲੀ ਵਾਰ ਨਾਲੋਂ ਵੱਡੀ ਜਿੱਤ ਮਿਲੇਗੀ ਤੇ ਪਿਛਲੇ ਸਾਰੇ ਰਿਕਾਰਡ ਤੋੜਨਗੇ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਭਲਕੇ ਹੋਣ ਵਾਲੀ ਐੱਸ. ਜੀ. ਪੀ. ਸੀ. ਚੋਣ ਦੇ ਉਮੀਦਵਾਰ ਐਲਾਨੇ ਜਾਣ 'ਤੇ ਸਮੁੱਚੀ ਅਕਾਲੀ ਦਲ ਦੀ ਲਿਡਰਸ਼ਿਪ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਹਰ ਘੜੀ 'ਚ ਸਾਰੇ ਮੈਂਬਰ ਸਹਿਬਾਨਾਂ ਨੇ ਸਹਿਯੋਗ ਦਿੱਤਾ ਹੈ। ਜਦੋਂ ਵੀ ਪੰਥ ਦੀ ਗੱਲ ਆਉਂਦੀ ਹੈ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਹੀ ਜੂਝਦੀ ਹੈ। ਉਨ੍ਹਾਂ ਕਿਹਾ ਸਾਰੇ ਪੰਥ ਨੂੰ ਇਕੱਠੇ ਹੋਣ ਦੀ ਜ਼ਰੂਰਤ ਹੈ ਅਤੇ ਬਿਨਾਂ ਕਿਸੇ ਮੰਨਸ਼ਾ ਦੇ ਇਕੱਠੇ ਹੋਣਾ ਚਾਹੀਦਾ ਹੈ। ਜ਼ਿਕਰਯੋਗ ਹੈ ਕਿ ਸਾਲ 2022 ਦੇ ਇਜਲਾਸ ਵਿਚ ਐਡਵੋਕੇਟ ਧਾਮੀ ਨੂੰ 104 ਵੋਟਾਂ ਪ੍ਰਾਪਤ ਹੋਈਆਂ ਸਨ ਜਦਕਿ ਵਿਰੋਧ ਵਿਚ ਖੜੀ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ 45 ਵੋਟਾਂ ਮਿਲੀਆਂ ਸਨ। ਇਸੇ ਤਰ੍ਹਾਂ ਸਾਲ 2023 ਵਿਚ ਐਡਵੋਕੇਟ ਧਾਮੀ ਨੂੰ ਜਿਥੇ 102 ਵੋਟਾਂ ਮਿਲੀਆਂ ਸਨ, ਉਥੇ ਵਿਰੋਧੀ ਧਿਰ ਦੇ ਉਮੀਦਵਾਰ ਸੰਤ ਬਲਬੀਰ ਸਿੰਘ ਘੁੰਨਸ ਨੂੰ ਮਹਿਜ 15 ਵੋਟਾਂ ਹੀ ਪ੍ਰਾਪਤ ਹੋਈਆਂ। ਇਸ ਵਾਰ ਉਮੀਦ ਕੀਤੀ ਜਾ ਰਹੀ ਹੈ ਕਿ ਬੀਬੀ ਧੜਾ 50 ਤੋਂ 55 ਦੇ ਕਰੀਬ ਵੋਟਾਂ ਲੈ ਸਕਦਾ ਹੈ ਤੇ ਐਡਵੋਕੇਟ ਧਾਮੀ 85 ਤੋਂ 90 ਦੇ ਆਸਪਾਸ ਤੋਂ ਵੱਧ ਵੋਟਾਂ ਲੈ ਸਕਦੇ ਹਨ।

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ


ਸ੍ਰੀ ਅਕਾਲ ਤਖ਼ਤ ਸਾਹਿਬ


ਤਖ਼ਤ ਸ੍ਰੀ ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ


ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ। 12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਲ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫ਼ਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**

## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ

ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ +44 7813953484
ਭਾਈ ਅਮਰੀਕ ਸਿੰਘ ਤੂਰ ਡਰਬੀ +44 7539243163
ਭਾਈ ਰਘਵੀਰ ਸਿੰਘ ਵਾਲਸਾਲ +44 7976210161
ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ +44 7895666314
ਭਾਈ ਬਲਜੀਤ ਸਿੰਘ ਕੰਗ +44 7780605230
ਭਾਈ ਕਪਤਾਨ ਸਿੰਘ ਵੁਲਵਰਹੈਂਪਟਨ +44 7788283485

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਏ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ ਪਿੰਡ ਰੋਡੇ 2.6.1947 Birth Pind Rode

ਸ਼ਹੀਦੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 6.6.1984 Shaheedi Sri Darbar Sahib Amritsar



www.damdamitaksal.net

Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net






ਨਾਮ ਜਪੋ ਕਿਰਤ ਕਰੋ ਵੰਡ ਛਕੋ

Naam Japo Kirat Karo Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**

Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**

Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**

Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**

Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net



## ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**


## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


24 SERVICE EVERYDAY HOURS

PURE AND NATURAL 100% VEGETARIAN

Enjoy Real Taste of PUNJAB

KD

FULLY A.C. HALL

# Khehra VAISHNO DHABA

BREAKFAST LUNCH DINNER

OUR SPECIALIZATION : Au Important Ingredients used to Prepare Dishes are Grown in our own farmes.

- Soup
- Burger
- Sandwich
- Pizza
- Grilled Breads
- Continental Fast Food
- Tandoori Snacks
- Tandoori Breads
- Biryani Khas
- Beverages
- Shakes
- Desserts
- Punjabi Snacks
- South Indian
- Kathi Roll
- Pasta
- Chines Food
- Raita Salad

V.P.O. Mallian

Jalandhar-Amritsar G.T. Road

NEAR JANDIALA GURU

Contact

98610-00057, 99152-32757



We Accept Online & Card Payment



## ਪੰਜਾਬੀ ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

Love Maa Boli Punjabi

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ

ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ

ੋ ਹੋੜਾ, ੌ ਕਨੌੜਾ, ੰ ਟਿੱਪੀ, ਾਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

Learn Speak Read Write PUNJABI


ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
✤ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote







KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









**www.khalsaforge.com**


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715128621


DHAN DHAN SRI GURU NANAK DEV JI'S
PARKASH PURAB
SANDWELL
NAGAR
KIRTAN
ਨਗਰ ਕੀਰਤਨ
SUNDAY 3 NOV 2024
GURDWARA GURU HAR RAI SAHIB JI START 9.00AM
George Street, West Bromwich
GURU NANAK GURDWARA 11.00AM
Edward Street, West Bromwich
GURDWARA AMRIT PARCHAR DHARMIK DIWAN 1.00PM
Birmingham Road, Oldbury
GURDWARA GURU MANEYO GRANTH 2.00PM
Popes Lane, Oldbury
GURDWARA BABA SANG 3.15PM
St Paul's Road, Smethwick
GURU NANAK GURDWARA SMETHWICK 4.00pm FINISH
High Street, Smethwick
ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਅਰੰਭਤਾ: ੯.੦੦ ਵਜੇ
ਜੋਰਜ ਸਟਰੀਟ ਵੈਸਟ ਬ੍ਰਮਵਿਚ
ਗੁਰੂ ਨਾਨਕ ਗੁਰਦੁਆਰਾ, ੧੧.੦੦ ਵਜੇ
ਏਡਵਰਡ ਸਟਰੀਟ ਵੈਸਟ ਬ੍ਰਮਵਿਚ
ਗੁਰਦੁਆਰਾ ਅੰਮ੍ਰਿਤ ਪ੍ਰਚਾਰ ਧਾਰਮਿਕ ਦੀਵਾਨ ੧.੦੦ ਵਜੇ
ਬ੍ਰਮਿੰਘਮ ਰੋਡ, ਓਲਡਬਰੀ
ਗੁਰਦੁਆਰਾ ਗੁਰੂ ਮਾਨਯੋ ਗ੍ਰੰਥ ੨.੦੦ ਵਜੇ
ਪੋਪਸ ਲੇਨ, ਓਲਦਬਰੀ
ਗੁਰਦੁਆਰਾ ਬਾਬਾ ਸੰਗ ਜੀ ੩.੧੫ ਵਜੇ
ਸਟ. ਪੌਲਜ਼ ਰੋਡ, ਸਮੈਦਿਕ
ਗੁਰੂ ਨਾਨਕ ਗੁਰਦੁਆਰਾ ਸਮਾਪਤੀ: ੪.੦੦ ਵਜੇ
ਸਮੈਦਿਕ
ਆਵਾਜ਼ਿ ਕੌਮ AWAZE QAUM
International Newspaper & WEB TV
GURU HAR RAI GURDWARA SAHIB - 0121 553 7219
GURU NANAK GURDWARA SMETHWICK - 0121 558 2527
GURDWARA AMRIT PARCHAR DHARMIK DIWAN OLDBURY
Gurdwara Guru Maneyo Granth OLDBURY
GURU NANAK GURDWARA SMETHWICK
The Council of Sikh Gurdwaras in Sandwell

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥

ਧੰਨ-ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਅਤੇ
ਧੰਨ-ਧੰਨ ਮਾਤਾ ਸਹਿਬ ਕੌਰ ਜੀ ਦੇ ਜਨਮ ਦਿਵਸ ਨੂੰ ਸਮਰਪਿਤ

# 28ਵਾਂ
# ਸਲਾਨਾ ਗੁਰਮਤਿ ਸਮਾਗਮ


ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

## ਗੁਰਦੁਆਰਾ ਸ਼ਹੀਦਾਂ, ਪਿੰਡ ਜੱਸੋਵਾਲ (ਬੀਹੜਾਂ)
(ਬੱਬਰਾਂ ਦੇ ਹਾਈ ਕੋਰਟ)

ਮਿਤੀ 3 ਨਵੰਬਰ 2024 ਦਿਨ ਐਤਵਾਰ
ਨੂੰ ਸ਼੍ਰੀ ਅਖੰਡ ਪਾਠ ਸਾਹਿਬਾਂ ਜੀ ਦੇ ਭੋਗ ਉਪਰੰਤ ਦੀਵਾਨ ਸਜਣਗੇ।

ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਮੈਂਬਰ ਸ਼੍ਰੋਮਣੀ ਕਮੇਟੀ, ਨਿਰਮਲੇ, ਉਦਾਸੀ, ਧਾਰਮਿਕ, ਸੰਯੁਕਤ ਕਿਸਾਨ ਮੋਰਚੇ ਦੇ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਭਾਰਤ ਅਤੇ ਯੂ.ਕੇ. ਦੇ ਸਮੂਹ ਅਹੁਦੇਦਾਰ, ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।
ਸਭ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਵੱਧ ਤੋਂ ਵੱਧ ਸੰਗਤਾਂ ਲੈ ਕੇ ਸਮਾਗਮਾਂ ਵਿੱਚ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

ਗੁਰੂ ਦੇ ਲੰਗਰ ਅਤੇ ਚਾਹ-ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।


ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ

1 ਨਵੰਬਰ 2024 ਦਿਨ ਸ਼ੁੱਕਰਵਾਰ
ਲੜੀ ਅਰੰਭ ਸ਼੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ

3 ਨਵੰਬਰ 2024 ਦਿਨ ਐਤਵਾਰ ਨੂੰ
ਲੜੀ ਭੋਗ ਸ਼੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ

ਖੁੱਲ੍ਹੇ ਪੰਡਾਲ ਵਿੱਚ ਸਵੇਰੇ 10-00 ਵਜੇ ਤੋਂ ਸ਼ਾਮ 4-00 ਵਜੇ ਤੱਕ ਦੀਵਾਨ ਸਜਣਗੇ।

ਬੇਨਤੀ ਕਰਤਾ :-



## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂਵਾਲੇ
ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ
ਪ੍ਰਧਾਨ ਸੰਤ ਸਮਾਜ ਭਾਈ ਲਾਲੋ ਜੀ
ਮੁੱਖ ਬੁਲਾਰਾ ਅੰਤਰਰਾਸ਼ਟਰੀ ਇੰਟਰਨੈਸ਼ਨਲ ਪੰਥਕ ਦਲ
ਮੋ: 98141-27470, 73408-35137

ਜਾਰੀ ਕਰਤਾ :- ਜਰਨੈਲ ਸਿੰਘ ਢਿੱਲੋਂ, 84278-66404

### ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਪੁਰਬ ਨੂੰ ਸਮਰਪਿਤ

# ਮਹਾਨ ਜਪ ਤਪ ਸਮਾਗਮ ਕਰਵਾਇਆ



**ਚੌਕ ਮਹਿਤਾ, 27 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਦੇ ਮੁੱਖ ਸੇਵਾਦਾਰ ਭਾਈ ਗੁਰਇਕਬਾਲ ਸਿੰਘ ਜੀ ਅਤੇ ਭਾਈ ਅਮਨਦੀਪ ਸਿੰਘ ਜੀ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਮਹਾਨ ਜਪ ਤਪ ਸਮਾਗਮ ਦਾਤਾ ਬੰਦੀ ਛੋੜ ਪਬਲਿਕ ਸਕੂਲ, ਅੱਡਾ ਬਾਉਲੀ ,ਰਾਮ ਤੀਰਥ ਰੋਡ ਸ੍ਰੀ ਅੰਮ੍ਰਿਤਸਰ ਵਿਖੇ ਕਰਵਾਇਆ ਗਿਆ। ਸਮਾਗਮ ਵਿਚ ਸਿੱਖ ਪੰਥ ਦੀਆਂ ਮਹਾਨ ਸ਼ਖਸ਼ੀਅਤਾਂ, ਸਿੰਘ ਸਾਹਿਬਾਨ, ਸੰਤ ਮਹਾਪੁਰਸ਼, ਭਾਈ ਅਮਨਦੀਪ ਸਿੰਘ ਜੀ ਬੀਬੀ ਕੌਲਾਂ ਵਾਲੇ, ਭਾਈ ਗੁਰਚਰਨ ਸਿੰਘ ਕਥਾ ਵਾਚਕ ,ਬਾਬਾ ਦੀਪ ਸਿੰਘ ਗੁਰਮਤਿ ਗਿਆਨ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਨੇ ਸੰਗਤਾਂ ਨੂੰ ਗੁਰੂ ਜਸ ਸੁਣਾ ਕੇ ਨਿਹਾਲ ਕੀਤਾ। ਸਮਾਗਮ ਦੀ ਅਰੰਭਤਾ ਸ੍ਰੀ ਜਪੁਜੀ ਸਾਹਿਬ ਦੇ ਪਾਠ, ਸ੍ਰੀ ਚੌਪਈ ਸਾਹਿਬ ਦੇ ਪਾਠ ਅਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਨਾਲ ਹੋਈ। ਉਪਰੰਤ ਭਾਈ ਅਮਨਦੀਪ ਸਿੰਘ ਜੀ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਅਮਨਦੀਪ ਸਿੰਘ ਜੀ ਨੇ ਸੰਗਤਾਂ ਵੱਲੋਂ ਕੀਤੇ ਖੁੱਲੇ ਪਾਠਾਂ ਦੀ ਅਰਦਾਸ ਵੀ ਕੀਤੀ।ਸੰਗਤਾਂ ਨੇ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਚਲਦੇ ਸਮਾਗਮ ਵਿੱਚ ਮੈਂਬਰ ਪਾਰਲੀਮੈਂਟ ਸ ਗੁਰਜੀਤ ਸਿੰਘ ਔਜਲਾ ਨੇ ਸ਼ਿਰਕਤ ਕੀਤੀ।ਇਸ ਮੌਕੇ ਭਾਈ ਅਮਨਦੀਪ ਸਿੰਘ ਜੀ ਵੱਲੋਂ ਸ ਗੁਰਜੀਤ ਸਿੰਘ ਔਜਲਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।ਮੀਡੀਆ ਨਾਲ ਗੱਲਬਾਤ ਕਰਦਿਆਂ ਮੈਂਬਰ ਪਾਰਲੀਮੈਂਟ ਸ ਗੁਰਜੀਤ ਸਿੰਘ ਔਜਲਾ ਨੇ ਕਿਹਾ ਭਾਈ ਸਾਹਿਬ ਵੱਲੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਸ਼ਲਾਘਾਯੋਗ ਹਨ।ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਮੌਕੇ ਭਾਈ ਅਮਤੇਸ਼ਵਰ ਸਿੰਘ, ਭਾਈ ਰੋਬਿਨ ਸਿੰਘ, ਭਾਈ ਗੁਰਪ੍ਰੀਤ ਸਿੰਘ, ਭਾਈ ਅਵਤਾਰ ਸਿੰਘ, ਭਾਈ ਸਿਮਰਨਜੀਤ ਸਿੰਘ, ਭਾਈ ਜਸਬੀਰ ਸਿੰਘ ਹਾਜ਼ਰ ਸਨ।

**ਭਾਈ ਅਮਨਦੀਪ ਸਿੰਘ ਜੀ ਵੱਲੋਂ ਮੈਂਬਰ ਪਾਰਲੀਮੈਂਟ ਸ ਗੁਰਜੀਤ ਸਿੰਘ ਔਜਲਾ ਦਾ ਵਿਸ਼ੇਸ਼ ਸਨਮਾਨ**

### ਅਕਾਲ ਅਕਾਦਮੀ ਦਮਦਮਾ ਸਾਹਿਬ ਦੀਆਂ ਵਿਦਿਆਰਥਣਾਂ ਨੇ

# ਪ੍ਰਾਇਮਰੀ ਸਕੂਲ ਜਿਲ੍ਹਾ ਪੱਧਰੀ ਫੁੱਟਬਾਲ ਟੂਰਨਾਮੈਂਟ 'ਚ ਮਾਰੀ ਬਾਜ਼ੀ





**ਤਲਵੰਡੀ ਸਾਬੋ, 27 ਅਕਤੂਬਰ (ਗੁਰਜੰਟ ਸਿੰਘ ਨਥੇਹਾ)**- ਅਕਾਲ ਅਕਾਦਮੀ ਤਲਵੰਡੀ ਸਾਬੋ ਦੀਆਂ ਵਿਦਿਆਰਥਣਾਂ ਨੇ ਪ੍ਰਾਇਮਰੀ ਸਕੂਲ ਜਿਲ੍ਹਾ ਪੱਧਰੀ ਫੁੱਟਬਾਲ ਟੂਰਨਾਮੈਂਟ 'ਚ ਵੱਡੀ ਪ੍ਰਾਪਤੀ ਕਰਕੇ ਅਕਾਦਮੀ, ਇਲਾਕੇ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਅਕਾਲ ਆਕਦਮੀ ਦੇ ਕੋਚ ਸਰਬਜੀਤ ਸਿੰਘ ਨੇ ਦੱਸਿਆ ਕਿ ਪ੍ਰਾਇਮਰੀ ਸਕੂਲ ਜਿਲ੍ਹਾ ਪੱਧਰੀ ਫੁੱਟਬਾਲ ਟੂਰਨਾਮੈਂਟ ਸਟੇਡੀਅਮ ਮੰਡੀ ਕਲਾਂ ਵਿਖੇ ਕਰਵਾਏ ਗਏ ਜਿਸ ਵਿੱਚ ਬਠਿੰਡਾ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਨੇ ਭਾਗ ਲਿਆ।ਜਿਸ ਵਿਚ ਅਕਾਲ ਅਕਾਦਮੀ ਦੀਆਂ ਵਿਦਿਆਰਥਣਾਂ ਨੇ ਪਹਿਲਾ ਸਥਾਨ ਹਾਸਲ ਕੀਤਾ ਹੈ। ਸਕੂਲ ਵਿੱਚ ਆਉਣ 'ਤੇ ਪ੍ਰਿੰਸੀਪਲ ਅਮਰਜੀਤ ਕੌਰ ਨੇ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਕੋਚ ਸਰਬਜੀਤ ਸਿੰਘ ਦੀ ਅਗਵਾਈ ਹੇਠ ਬਹੁਤ ਘੱਟ ਸਮੇਂ ਵਿੱਚ ਮੁਹਾਰਤ ਹਾਸਲ ਕੀਤੀ ਹੈ। ਅਕਾਦਮੀ ਦੀ ਪ੍ਰਿੰਸੀਪਲ ਸਾਹਿਬਾਨ ਨੇ ਸਾਰੇ ਬੱਚਿਆਂ ਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ।

# ਜਥੇਦਾਰ ਗਿਆਨੀ ਪ੍ਰੀਤਮ ਸਿੰਘ ਭਾਟੀਆ ਜੀ ਦੀ ਬਰਸੀ 'ਤੇ ਵਿਸੇਸ਼

**ਚੌਕ ਮਹਿਤਾ, 27 ਅਕਤੂਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**- ਪੰਥ ਕੌਮ ਦੀ ਮਹਾਨ ਸਖਸੀਅਤ, ਕਾਦੀਆਂ ਤੋਂ ਮੈਂਬਰ ਸਰੌਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮਹਾਨ ਵਿਦਵਾਨ ਕਥਾ ਵਾਚਕ ਜਥੇਦਾਰ ਗਿਆਨੀ ਪ੍ਰੀਤਮ ਸਿੰਘ ਭਾਟੀਆ 24 ਸਾਲ ਪਹਿਲਾਂ ਸੁਆਸਾਂ ਦੀ ਪੂੰਜੀ ਨੂੰ ਪੂਰੇ ਕਰਦੇ ਹੋਏ, ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ, ਜਥੇਦਾਰ ਗਿਆਨੀ ਪ੍ਰੀਤਮ ਸਿੰਘ ਜੀ ਇੱਕ ਰੱਬੀ ਰੂਹ ਸਨ, 24 ਘੰਟੇ ਵਾਹਿਗੁਰੂ ਜੀ ਦਾ ਸਿਮਰਨ ਕਰਨਾ, ਅੰਮ੍ਰਿਤ ਵੇਲੇ ਉਠਕੇ ਰੋਜਾਨਾ ਇਸਨਾਨ ਕਰਨਾ, ਅਤੇ ਪਵਿੱਤਰ ਪਾਵਨ ਗੁਰਬਾਣੀ ਦੇ ਨਿਤਨੇਮੀ ਸਨ ਉਡਦਿਆਂ ਬਹਿਦਿੰਆ ਵਾਹਿਗੁਰੂ ਜੀ ਸਿਮਰਨ ਕਰਨਾ, ਆਪਣੀ ਕਿਰਤ ਕਮਾਈ ਕਰਨੀ, ਕਿਰਤ ਵਿੱਚੋਂ ਦਸਵੰਧ ਕੱਢਕੇ, ਲੋੜਵੰਦ ਲੋਕਾਂ ਦੀ ਮਦਦ ਕਰਨੀ, ਉਨ੍ਹਾਂ ਦੀ ਪਿਆਰੀ ਮਿੱਠੀ ਯਾਦ ਅੱਜ



ਵੀ ਪਰਿਵਾਰ ਲਈ ਪਰੇਰਨਾ ਸਰੋਤ ਹੈ। 1984 ਹੋਏ ਬਲਿਊ ਸਟਾਰ ਅਪਰੇਸ਼ਨ ਵਿੱਚ ਜਥੇਦਾਰ ਗਿਆਨੀ ਪ੍ਰੀਤਮ ਸਿੰਘ ਨੂੰ ਘਰੋਂ ਗਿਰਫ਼ਤਾਰ ਕਰਕੇ ਸਖਤ ਤਸ਼ੱਦਦ ਤੋਂ ਬਾਅਦ 12 ਮਹੀਨੇ ਗੁਰਦਾਸਪੁਰ ਜੇਲ੍ਹ ਬੰਦ ਰੱਖਿਆ ਗਿਆ, ਅੱਜ ਉਨ੍ਹਾਂ ਦੇ ਸਮੁੱਚੇ ਪਰਿਵਾਰ ਨੂੰ ਮਾਨ ਹੈ ਕਿ ਉਨ੍ਹਾਂ ਦੀ ਤਸਵੀਰ ਕੇਂਦਰੀ ਅਜਾਇਬ ਘਰ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਲਗਾਈ ਗਈ ਹੈ, ਅਤੇ ਕਾਦੀਆਂ ਸ਼ਹਿਰ ਦੀ ਐਂਟਰੀ ਤੇ ਉਨ੍ਹਾਂ ਦਾ ਯਾਦਗਾਰੀ ਗੇਟ ਲਗਾਇਆ ਹੈ। ਜਥੇਦਾਰ ਗਿਆਨੀ ਪ੍ਰੀਤਮ ਸਿੰਘ ਜੀ ਅਖੀਰਲੇ ਸਮੇਂ ਜਿਥੇ ਕੀਮੋਥੈਰੇਪੀ ਕਰਾਉਣ ਤੋਂ ਨਾਹ ਕਰਕੇ ਸਿੱਖੀ ਕੇਸਾਂ ਸੰਗ ਨਿਭਾਈ, ਉੱਥੇ ਅੱਜ ਦੇ ਦਿਨ ਸਵੇਰੇ 10 ਵਜੇ ਆਪ ਸ੍ਰੀ ਆਖੰਡ ਪਾਠ ਸਾਹਿਬ ਜੀ ਦੀ ਆਰੰਭਤਾ ਕਰਵਾਈ ਚਲਦੀ ਪਵਿੱਤਰ ਪਾਵਨ ਗੁਰਬਾਣੀ ਦੇ ਦੌਰਾਨ ਸਾਮ 7 ਵਜੇ ਪਰਮਾਤਮਾ ਦੇ ਚਰਨਾਂ ਵਿੱਚ ਲੀਨ ਹੋ ਗਏ। ਜਥੇਦਾਰ ਜੀ ਆਪਣੀ ਸਾਰੀ ਉਮਰ ਪਾਰਟੀ ਦੀ ਸੇਵਾ ਕਰਦੇ ਹੋਏ ਪਾਰਟੀ ਵੱਲੋਂ ਲਗਾਏ ਜਾਂਦੇ ਹਰ ਮੋਰਚੇ ਵਿੱਚ ਸ਼ਾਮਲ ਹੁੰਦੇ ਸਨ। ਅੱਜ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਦੇ ਪਾਇ ਪੂਰਨਿਆਂ ਤੇ ਚੱਲ ਕੇ ਪਰਮੇਸ਼ੁਰ ਦੇ ਘਰ ਦੀਆਂ ਖੁਸੀਆ ਪ੍ਰਾਪਤ ਕਰਦਾ ਹੈ।

# ਇੰਟਰਨੈਸ਼ਨਲ ਏਅਰਪੋਰਟ ਦਾ ਨਾਮ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਮ 'ਤੇ ਰੱਖਣ ਲਈ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਸੌਂਪਿਆ



**ਚੰਡੀਗੜ੍ਹ, 27 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਇੰਟਰਨੈਸ਼ਨਲ ਅਦਾਰਾ ਆਵਾਜ਼ਿ ਕੌਮ ਟੀਵੀ ਇੰਗਲੈਂਡ ਦੇ ਮਾਧਿਅਮ ਰਾਹੀਂ ਸ ਗੁਰਜੰਟ ਸਿੰਘ ਖਾਲਸਾ ਗੁਰੂਸਰ ਸੁਧਾਰ ਵੱਲੋਂ ਇੰਟਰਨੈਸ਼ਨਲ ਏਅਰਪੋਰਟ ਹਲਵਾਰਾ ਦਾ ਨਾਮ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਨਾਮ ਤੇ ਰੱਖਣ ਲਈ ਉਠਾਈ ਗਈ ਆਵਾਜ਼ ਨੂੰ ਸਰਕਾਰਾਂ ਤੱਕ ਪਹੁੰਚਾਉਣ ਲਈ ਭਾਜਪਾ ਆਗੂ ਮੌਂਗਾ ਦੀ ਅਗਵਾਈ ਚ' ਪੰਜ ਮੈਂਬਰੀ ਵਫ਼ਦ ਨੇ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨਾਲ ਪੰਜਾਬ ਰਾਜ ਭਵਨ ਚੰਡੀਗੜ ਵਿੱਖੇ ਕੀਤੀ ਮੁਲਾਕਾਤ, ਕੇਂਦਰ ਅਤੇ ਪੰਜਾਬ ਸਰਕਾਰ ਦੇ ਨਾਮ ਸੌਂਪਿਆ ਮੰਗ-ਪੱਤਰ, ਹਲਵਾਰਾ-ਗੁਰੂਸਰ ਸੁਧਾਰ ਨਜ਼ਦੀਕ ਬਣ ਰਹੇ ਪਿੰਡ ਐਤੀਆਣਾ ਵਿੱਖੇ ਲੁਧਿਆਣਾ ਅੰਤਰਰਾਸਟਰੀ ਹਵਾਈ ਅੱਡੇ ਦਾ ਨਾਮ ਗੁਰੂ ਹਰਿਗੋਬਿੰਦ ਸਾਹਿਬ ਅੰਤਰਰਾਸਟਰੀ ਹਵਾਈ ਅੱਡਾ ਲੁਧਿਆਣਾ ਰੱਖਣ ਦੀ ਕੀਤੀ ਪੁਰਜੋਰ ਮੰਗ ਭਾਜਪਾ ਸੀਨੀਅਰ ਆਗੂ ਪੰਜਾਬ ਵਿਨੀਤ ਪਾਲ ਸਿੰਘ ਮੌਂਗਾ ਦੀ ਅਗਵਾਈ ਚ' ਪੰਜ ਮੈਂਬਰੀ ਵੱਫ਼ਦ ਨੇ ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨਾਲ ਪੰਜਾਬ ਰਾਜ ਭਵਨ ਚੰਡੀਗੜ ਵਿੱਖੇ ਮੁਲਾਕਾਤ ਕੀਤੀ, ਹਲਵਾਰਾ ਅਤੇ ਗੁਰੂਸਰ ਸੁਧਾਰ ਨਜ਼ਦੀਕ ਬਣ ਰਹੇ ਪਿੰਡ ਐਤੀਆਣਾ ਵਿੱਖੇ ਲੁਧਿਆਣਾ ਅੰਤਰਾਸਟਰੀ ਹਵਾਈ ਅੱਡੇ ਦਾ ਨਾਮ "ਗੁਰੂ ਹਰਿਗੋਬਿੰਦ ਸਾਹਿਬ ਅੰਤਰਾਸਟਰੀ ਹਵਾਈ ਅੱਡਾ ਲੁਧਿਆਣਾ "ਰੱਖਣ ਲਈ ਕੇਂਦਰ ਦੀ ਮੋਦੀ ਸਰਕਾਰ ,ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਉਡਾਨ ਮੰਤਰੀ ਕਿੰਜਾਰਪੂ ਰਾਮ ਮੋਹਨ ਨਾਇਡੂ, ਕੇਦਰੀ ਸੂਬਾ ਰੇਲਵੇ ਮੰਤਰੀ ਅਤੇ ਫੂਡ ਪਰੋਸੈਸਿੰਗ ਮੰਤਰੀ ਰਵਨੀਤ ਸਿੰਘ ਬਿੱਟੂ, ਪੰਜਾਬ ਸਰਕਾਰ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਮ ਮੰਗ ਪੱਤਰ ਸੌਂਪਿਆ ਵੱਫ਼ਦ ਨੇ ਮੰਗ ਪੱਤਰ ਦੇ ਨਾਲ ਨੱਥੀ ਕੀਤੇ ਜ਼ਿਲਾ ਲੁਧਿਆਣਾ ਵਿੱਖੇ ਇਸ ਮੰਗ ਦੇ ਸਮਰਥਨ ਵਿੱਚ ਹਸਤਾਖਰ ਮੁਹਿੰਮ ਰਾਹੀਂ ਹਾਸਲ ਕੀਤੇ ਇਲਾਕੇ ਦੇ ਲੋਕਾਂ ਦੇ ਹਸਤਾਖਰ ਇੱਥੇ ਦਸਣ ਯੋਗ ਹੈ ਕੀ ਇਸ ਮੰਗ ਦੇ ਸਮਰਥਨ ਵਿੱਚ ਜ਼ਿਲਾ ਲੁਧਿਆਣਾ ਤੋਂ ਸਮਾਜ ਸੇਵੀਆਂ ਦੁਆਰਾ 32000 ਤੋਂ ਵੱਧ ਹਸਤਾਖਰ ਹਾਸਲ ਕੀਤੇ ਗਏ ਮਾਨਯੋਗ ਗਵਰਨਰ ਸ਼੍ਰੀ ਲੈ ਕੇ ਗੁਲਾਬ ਚੰਦ ਕਟਾਰੀਆ ਨਾਲ ਵਫ਼ਦ ਮੈਂਬਰਾਂ ਦੀ ਇਸ ਮੰਗ ਨੂੰ ਲੈਕੇ ਡੀਟੇਲ ਚ' ਗੱਲਬਾਤ ਹੋਈ, ਉਹਨਾਂ ਨੇ ਵਫ਼ਦ ਮੈਂਬਰਾਂ ਦੀ ਗੱਲ ਧਿਆਨ ਨਾਲ ਸੁਣੀ ਅਤੇ ਭਰੋਸਾ ਦਵਾਇਆ ਕਿ ਉਹ ਇਸ ਮੰਗ ਪੱਤਰ ਅਤੇ ਹਸਤਾਖਰ ਮੁਹਿੰਮ ਰਾਹੀਂ ਹਾਸਲ ਕੀਤੇ ਨੱਥੀ ਹਸਤਾਖਰ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਸਰਕਾਰ ਦੇ ਉਪਰੋਕਤ ਮੰਤਰਾਲਿਆਂ ਨੂੰ ਭੇਜੇਗਾ ਇਸ ਮੌਕੇ ਸੀਨੀਅਰ ਭਾਜਪਾ ਆਗੂ ਪੰਜਾਬ ਵਿਨੀਤ ਪਾਲ ਸਿੰਘ ਮੌਂਗਾ, ਲੁਧਿਆਣਾ ਜ਼ਿਲਾ ਸ਼ਹਿਰੀ ਮੀਤ ਪ੍ਰਧਾਨ ਭਾਜਪਾ ਮਹਿਲਾ ਮੋਰਚਾ ਰੁਪਿੰਦਰਜੀਤ ਕੌਰ ਮੌਂਗਾ (ਰੂਬੀ), ਨੌਜਵਾਨ ਭਾਜਪਾ ਆਗੂ ਮਯੰਕ ਵਸ਼ੀਸਠ, ਅੱਜ ਦੀ ਆਵਾਜ਼ ਦੇ ਪੱਤਰਕਾਰ ਹਰਨੇਕ ਸਿੰਘ ਸੁਧਾਰ, ਸਾਬਕਾ ਚੇਅਰਮੈਨ ਸਰਦਾਰ ਮੇਹਰ ਸਿੰਘ ਧਾਲੀਵਾਲ ਸੁਧਾਰ, ਸਮਾਜ ਸੇਵੀ ਸੰਜੋਤ ਲਾਲ ਉਰਫ਼ ਸ਼ੰਮੀ ਭਗਤ ਮੌਜੂਦ ਰਹੇ, ਉਹਨਾਂ ਤੋਂ ਇਲਾਵਾ ਨਾਲ, ਅਕਾਸ਼ਦੀਪ ਸਿੰਘ ਸਚਦੇਵਾ ਵੀ ਮੌਜੂਦ ਸਨ।

# ਵੈਸਟ ਹਲਕੇ ਦੀਆਂ ਜਨ ਸਮੱਸਿਆਵਾਂ ਨੂੰ ਲੈ ਕੇ ਆਪ ਦੇ ਸੀਨੀਅਰ ਆਗੂ ਕੈਬਿਨੇਟ ਮੰਤਰੀ ਮੋਹਿੰਦਰ ਭਗਤ ਨੂੰ ਮਿਲੇ

## ਦੀਵਾਲੀ ਦੀਆਂ ਐਡਵਾਂਸ ਚ ਹੀ ਦਿੱਤੀਆਂ ਵਧਾਈਆਂ, ਸਭਨਾਂ ਦੇ ਭਲੇ ਲਈ ਕੀਤੀ ਅਰਦਾਸ

**ਚੌਕ ਮਹਿਤਾ, 27 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਜਲੰਧਰ ਵੈਸਟ ਦੇ ਵਿਧਾਇਕ ਅਤੇ ਕੈਬਿਨੇਟ ਮੰਤਰੀ ਮੋਹਿੰਦਰ ਭਗਤ ਨਾਲ ਵੈਸਟ ਹਲਕੇ ਚ ਆ ਰਹੀਆਂ ਜਨ ਸਮੱਸਿਆਵਾਂ ਨੂੰ ਲੈਕੇ ਸਮਾਜ ਸੇਵੀ ਆਪ ਨੇਤਾ ਸੁਭਾਸ਼ ਗੋਰੀਆ ਅਤੇ ਗਊ ਸੇਵਾ ਬੋਰਡ ਦੇ ਸਾਬਕਾ ਚੇਅਰਮੈਨ ਕੀਮਤੀ ਲਾਲ ਭਗਤ, ਸਤਿਗੁਰੂ ਕਬੀਰ ਸੈਨਾ ਪੰਜਾਬ ਦੇ ਪ੍ਰਧਾਨ ਵਿਜੈ ਮਿੰਟੂ ਉਨ੍ਹਾਂ ਦੇ ਨਿਵਾਸ ਸਥਾਨ ਤੇ ਮਿਲੇ।ਸਮਾਜ ਸੇਵੀ ਆਪ ਨੇਤਾ ਸੁਭਾਸ਼ ਗੋਰੀਆ ਨੇ ਵਾਰਡ ਨੰਬਰ 41 ਚ ਪੈਂਦੇ ਕਾਲਾ ਸੰਘਾ ਰੋਡ ਵਿੱਖੇ ਪੰਛੀ ਬਿਹਾਰ ਕਲੋਨੀ ਚ ਆ ਰਹੀ ਸੀਵਰੇਜ਼, ਸਟਰੀਟ ਲਾਈਟ ਅਤੇ ਸੜਕਾਂ ਦੀ ਸਮੱਸਿਆ ਸਬੰਧੀ ਕੰਮ ਸ਼ੁਰੂ ਕਰਵਾਉਣ ਲਈ ਮੋਹਿੰਦਰ ਭਗਤ ਅੱਗੇ ਮੰਗ ਕੀਤੀ ਅਤੇ ਪੂਰੀ ਵਾਰਡ ਚ ਸੁਪਰਸੈਕਸ਼ਨ ਮਸ਼ੀਨ ਰਾਂਹੀ ਸੀਵਰੇਜ਼ ਦੀ ਸਫ਼ਾਈ ਕਰਵਾਉਣ ਲਈ ਵੀ ਕਿਹਾ।ਗੋਰੀਆ ਨੇ ਕਿਹਾ ਕਿ ਵਾਰਡ ਚ ਸਟਰੀਟ ਲਾਈਟਾਂ ਕੁਝ ਬੰਦ ਅਤੇ ਖਰਾਬ ਹਨ ਜਿਨ੍ਹਾਂ ਨੂੰ ਠੀਕ ਕਰਵਾਉਣ ਦਾ ਵੀ ਪ੍ਰਸਤਾਵ ਮੋਹਿੰਦਰ ਭਗਤ ਅਗੇ ਰੱਖਿਆ ਗਿਆ ਅਤੇ ਸਾਬਕਾ ਚੇਅਰਮੈਨ ਕੀਮਤੀ ਲਾਲ ਭਗਤ, ਵਿਜੈ ਮਿੰਟੂ ਨੇ ਭਾਰਗੋ ਨਗਰ ਚ ਆ ਰਹੀਆਂ ਜਨ ਸਮੱਸਿਆਵਾਂ ਨੂੰ ਠੀਕ ਕਰਵਾਉਣ ਲਈ ਇੱਕ ਸੂਚੀ ਮੰਤਰੀ ਮੋਹਿੰਦਰ ਭਗਤ ਨੂੰ ਸੌਂਪੀ ਅਤੇ ਮੋਹਿੰਦਰ ਭਗਤ ਵਲੋਂ ਕਰਵਾਏ ਗਏ ਕੰਮਾਂ ਦੀ ਸ਼ਲਾਘਾ ਕੀਤੀ।ਮੋਹਿੰਦਰ ਭਗਤ ਨੇ ਸਾਰੀਆਂ ਸਮੱਸਿਆਵਾਂ ਸੁਣਦੇ ਹੋਏ ਜਲਦ ਹੀ ਹੱਲ ਕਰਵਾਉਣ ਦਾ ਵਿਸ਼ਵਾਸ ਜਿਤਾਇਆ।ਇਸ ਮੌਕੇ ਆਮ ਆਦਮੀ ਪਾਰਟੀ ਦੇ ਯੂਥ ਆਗੂ ਅਤੁਲ ਭਗਤ , ਸ਼ਮੀ ਭਗਤ, ਲੱਕੀ ਭਗਤ ਵੀ ਮਜੂਦ ਰਹੇ ਅੰਤ ਚ ਸਮਾਜ ਸੇਵੀ ਆਪ ਨੇਤਾ ਸੁਭਾਸ਼ ਗੋਰੀਆ, ਕੀਮਤੀ ਭਗਤ, ਵਿਜੈ ਮਿੰਟੂ ਨੇ ਮੰਤਰੀ ਮੋਹਿੰਦਰ ਭਗਤ ਨੂੰ ਐਡਵਾਂਸ ਚ ਹੀ ਦੀਵਾਲੀ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ।



# ਪਿੰਡ ਦੇ ਸਮੂਹ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ : ਗੁਰਦਰਸ਼ਨ ਸਿੰਘ ਗਾਂਧੀ ਨਨਾਣਸੂ



ਅੱਜ ਫੋਨ ਤੇ ਗੱਲ ਕਰਦੇ ਹੋਏ ਗੁਰਦਰਸ਼ਨ ਸਿੰਘ ਗਾਂਧੀ ਨਨਾਣਸੂ ਨੇ ਦੱਸਿਆ ਮੇਰੇ ਪਿੰਡ ਨਨਾਣਸੂ ਦੇ ਉਹਨਾਂ ਸਮੂਹ ਵੋਟਰਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨਾਂ ਨੇ ਮੈਨੂੰ ਇਨਾ ਪਿਆਰ ਸਤਿਕਾਰ ਦਿੱਤਾ। ਉਹਨਾਂ ਸਾਰੇ ਵੋਟਰਾਂ ਲਈ ਮੇਰੇ ਦਿਲ ਵਿੱਚ ਸਪੈਸ਼ਲ ਥਾਂ ਹੈ ਜਿਨਾਂ ਨੇ ਮੈਨੂੰ ਇੰਨੀਆਂ ਵੋਟਾਂ ਪਾਈਆਂ ।ਮੈਂ ਆਪਣੇ ਪਿੰਡ ਨਨਾਣਸੂ ਤੇ ਨੌਜਵਾਨ ਬਜ਼ੁਰਗ ਮਾਤਾਵਾਂ ਭੈਣਾਂ ਦਾ ਦਿਲੋਂ ਧੰਨਵਾਦ ਕਰਦਾ ਜਿਨਾਂ ਨੇ ਮੈਨੂੰ ਇਨਾ ਸਤਿਕਾਰ ਦਿੱਤਾ ।ਗੁਰਦਰਸ਼ਨ ਸਿੰਘ ਗਾਂਧੀ ਨੇ ਕਿਹਾ ਕਿ ਮੇਰੇ ਘਰ ਦੇ ਦਰਵਾਜ਼ੇ ਸਾਰੇ ਭੈਣ ਭਰਾਵਾਂ ਲਈ ਹਮੇਸ਼ਾ ਖੁੱਲੇ ਨੇ ਜਿਨਾਂ ਨੇ ਮੈਨੂੰ ਇਨਾ ਪਿਆਰ ਸਤਿਕਾਰ ਦਿੱਤਾ ।ਉਹਨਾਂ ਨੇ ਕਿਹਾ ਕਿ ਮੈਨੂੰ ਖੁਸ਼ੀ ਹੋਵੇਗੀ ਜੇ ਮੈਂ ਤੁਹਾਡੇ ਅੱਜ ਵੀ ਕਿਸੇ ਕੰਮ ਆ ਸਕਿਆ।

**-ਪਰਗਟ ਸਿੰਘ ਬਲਬੇੜਾ, 9022000070**

### ਭੂਰੀਵਾਲੇ ਮਹਾਂਪੁਰਸ਼ਾਂ ਦੀ ਯਾਦ ਵਿੱਚ

# ਗੁਰਮਤਿ ਸਮਾਗਮ 29 ਨੂੰ : ਸੰਤ ਕਸ਼ਮੀਰ ਸਿੰਘ ਭੂਰੀਵਾਲੇ




**ਚੌਕ ਮਹਿਤਾ, 27 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਕਾਰ ਸੇਵਾ ਸੰਪ੍ਰਦਾਇ ਭੂਰੀਵਾਲੇ ਮਹਾਂਪੁਰਖਾਂ ਸੰਤ ਬਾਬਾ ਜੈਮਲ ਸਿੰਘ ਜੀ ਭੂਰੀਵਾਲੇ, ਸੰਤ ਬਾਬਾ ਗੁਰਦਿਆਲ ਸਿੰਘ ਜੀ ਭੂਰੀਵਾਲੇ ਤੇ ਸੰਤ ਬਾਬਾ ਨਾਮਦਾਨ ਸਿੰਘ ਜੀ ਦੀ ਸਲਾਨਾ ਯਾਦ ਨੂੰ ਸਮਰਪਿਤ ਮੁੱਖ ਗੁਰਮਤਿ ਸਮਾਗਮ ਡੇਰਾ ਸੰਤ ਬਾਬਾ ਭੂਰੀਵਾਲੇ, ਨਿਰਮਲੇ ਤਪੋਬਨ ਤਰਨ ਤਾਰਨ ਰੋਡ ਵਿਖੇ 29 ਅਕਤੂਬਰ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਉਕਤ ਜਾਣਕਾਰੀ ਦਿੰਦਿਆਂ ਸੰਤ ਬਾਬਾ ਕਸ਼ਮੀਰ ਸਿੰਘ ਭੂਰੀਵਾਲੇ ਅਤੇ ਬਾਬਾ ਸੁਖਵਿੰਦਰ ਸਿੰਘ ਭੂਰਵਾਲਿਆਂ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਦੀ ਆਰੰਭਤਾ 25 ਅਕਤੂਬਰ ਦੀ ਹੋ ਚੁੱਕੀ ਹੈ ਅਤੇ ਇਨ੍ਹਾਂ ਸਮਾਗਮਾਂ ਵਿੱਚ ਸ਼ਿਰਕਤ ਕਰਨ ਲਈ ਦੇਸ਼ ਭਰ ਤੋਂ ਸੰਤ ਮਹਾਂਪੁਰਸ਼ ਪਹੁੰਚ ਚੁੱਕੇ ਹਨ, ਜਿਨ੍ਹਾਂ ਵਲੋਂ ਰੋਜ਼ ਸਵੇਰੇ 9 ਵਜੇ ਤੋਂ 12 ਵਜੇ ਤੱਕ ਧਾਰਮਿਕ ਦੀਵਾਨ ਸਜਾ ਕੇ ਇਲਾਹੀ ਬਾਣੀ ਦੇ ਕੀਰਤਨ ਤੇ ਕਥਾ ਵਿਖਿਆਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾ ਰਿਹਾ ਹੈ। ਸੰਤ ਕਸ਼ਮੀਰ ਸਿੰਘ ਜੀ ਨੇ ਦੱਸਿਆ ਕਿ ਸਲਾਨਾ ਸਮਾਗਮ ਨੂੰ ਸਮਰਪਿਤ 27 ਅਕਤੂਬਰ ਸਵੇਰੇ ਅਖੰਡਪਾਠ ਆਰੰਭ ਹੋਵੇਗਾ ਤੇ ਸ਼ਾਮ 7 ਤੋਂ 10 ਵਜੇ ਤੱਕ ਮਹਾਨ ਕੀਰਤਨ ਦਰਬਾਰ ਸਜੇਗਾ।

ਉਨ੍ਹਾਂ ਦੱਸਿਆ ਕਿ 29 ਅਕਤੂਬਰ ਨੂੰ ਸਵੇਰੇ ਤੋਂ ਬਾਅਦ ਦੁਪਹਿਰ ਤੱਕ ਸਜਾਏ ਜਾਣ ਵਾਲੇ ਗੁਰਮਤਿ ਸਮਾਗਮ ਵਿੱਚ ਸਿੱਖ ਜਗਤ ਦੀਆਂ ਸਤਿਕਾਰਤ ਸਖਸੀਅਤਾਂ ਸਿੰਘ ਸਹਿਬਾਨ ਤੋਂ ਇਲਾਵਾ ਨਾਮਵਰ ਪੰਥਕ ਸ਼ਖਸੀਅਤਾਂ, ਨਿਰਮਲੇ ਤੇ ਉਦਾਸੀ ਸੰਤਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਣਗੀਆਂ। ਕਾਰ ਸੇਵਾ ਸੰਪ੍ਰਦਾਇ ਭੂਰੀਵਾਲਿਆਂ ਦੇ ਮੀਡੀਆ ਮੁੱਖੀ ਰਾਮ ਸਿੰਘ ਭਿੰਡਰ ਨੇ ਦੱਸਿਆ ਕਿ ਸਮਾਗਮ ਵਿੱਚ ਸ਼ਾਮਲ ਹੋਣ ਵਾਲੀਆਂ ਸੰਗਤਾਂ ਤੇ ਮਹਾਂਪੁਰਸ਼ਾਂ ਦੀ ਰਿਹਾਇਸ਼, ਲੰਗਰ ਤੇ ਪਾਰਕਿੰਗ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

ਅੱਜ ਦੇ ਸਮਾਗਮ ਵਿੱਚ ਗੁਰਦੁਆਰਾ ਬਾਬਾ ਬਕਾਲਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਅਮਨਦੀਪ ਸਿੰਘ ਤੇ ਬੀਬੀ ਅਨੁਪ੍ਰੀਤ ਕੌਰ ਦੇ ਰਾਗੀ ਜਥਿਆਂ ਇਲਾਹੀ ਬਾਣੀ ਦੇ ਕੀਰਤਨ ਤੇ ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਕਥਾਵਾਚਕ ਗਿਆਨੀ ਗੁਰਪ੍ਰੀਤ ਸਿੰਘ, ਮਹੰਤ ਸ਼ਾਮ ਸੁੰਦਰ ਸਿੰਘ ਮਿਰਜਾਪੁਰ ਅਤੇ ਮਹੰਤ ਜੈਲ ਸਿੰਘ ਸ਼ਾਸਤਰੀ ਜੀ ਨੇ ਕਥਾ ਵਿਖਿਆਨਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਸਟੇਜ ਦੀ ਸੇਵਾ ਗਿਆਨੀ ਤਰਸੇਮ ਸਿੰਘ ਜੀ ਨੇ ਨਿਭਾਈ। ਅੱਜ ਦੇ ਦੀਵਾਨ ਵਿੱਚ ਸੰਤ ਬਾਬਾ ਕਸ਼ਮੀਰ ਸਿੰਘ ਭੂਰੀਵਾਲੇ ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ, ਮੰਡਲੇਸ਼ਵਰ ਸ੍ਰੀ ਮਹਿੰਦਰਾਨੰਦ ਜੀ ,ਮਹੰਤ ਮਨਜੀਤ ਸਿੰਘ, ਮਹੰਤ ਸੁਖਚੈਨ ਸਿੰਘ,ਮਹੰਤ ਸ਼ਾਮ ਸੁੰਦਰ ਸਿੰਘ ਮਿਰਜਾਪੁਰ,ਸ ਬਾਵਾ ਸਿੰਘ ਗੁਮਾਨਪੁਰਾ, ਬਾਬਾ ਗੁਰਨਾਮ ਸਿੰਘ, ਬਾਬਾ ਅਵਤਾਰ ਸਿੰਘ,ਬਾਬਾ ਨਾਜ਼ਰ ਸਿੰਘ,ਬਾਬਾ ਰਤਨ ਸਿੰਘ, ਬਾਬਾ ਹੀਰਾ ਸਿੰਘ, ਬਾਬਾ ਸੁੰਦਰ ਸਿੰਘ, ਸ ਜੋਧਬੀਰ ਸਿੰਘ, ਬਾਬਾ ਬਲਵੰਤ ਸਿੰਘ, ਬਾਬਾ ਗੁਰਵੰਤ ਸਿੰਘ, ਬਾਬਾ ਬਖਸ਼ੀਸ਼ ਸਿੰਘ ,ਬਾਬਾ ਕੁੰਵਰਪ੍ਰਤਾਪ ਸਿੰਘ, ਬਾਬਾ ਰਵਿੰਦਰ ਸਿੰਘ ਵਿੰਦਾ, ਬਾਬਾ ਕੁਲਦੀਪ ਸਿੰਘ ਸੰਧੂ ਬਾਬਾ ਰਣਧੀਰ ਸਿੰਘ ਸੋਨੂੰ,ਸ ਹਰਭਜਨ ਸਿੰਘ ਸਿੱਧੂ,ਸ ਗੁਰਬੀਰ ਸਿੰਘ ਚੱਬਾ, ਪ੍ਰੋਫੈਸਰ ਸਰਦਾਰਾ ਸਿੰਘ ਵੇਰਕਾ, ਬਾਬਾ ਕਰਨ ਸਿੰਘ,ਸ ਰਣਪ੍ਰੀਤ ਸਿੰਘ ਗੰਡਾਸਿੰਘ ਵਾਲਾ,ਸੁੱਖ ਸ਼ਾਹ ਮਹਿਮਾ,ਸੁਖਵਿੰਦਰ ਸਿੰਘ ਪੱਪੂ, ਜਸਪ੍ਰੀਤ ਸਿੰਘ ਜੌਲੀ, ਰਵੀਸ਼ੇਰ ਸਿੰਘ ਖਾਲਸਾ, ਗੁਰਜੀਤ ਸਿੰਘ ਰੰਧਾਵਾ, ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜਰੀ ਭਰੀ।

### ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਸਕੂਲ ਰਾਮ ਤੀਰਥ ਨਰਸਰੀ ਦੇ ਬੱਚਿਆਂ ਨੇ

# 'ਦੇਖੋ ਅਤੇ ਦੱਸੋ' ਫਲੈਸ਼ ਕਾਰਡ ਗਤੀਵਿਧੀ ਵਿਚ ਭਾਗ ਲਿਆ

**ਚੌਕ ਮਹਿਤਾ, 27 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਮੈਮੋਰੀਅਲ ਇੰਗਲਿਸ਼ ਸਕੂਲ ਰਾਮ ਤੀਰਥ ਦੇ ਨਰਸਰੀ ਜਮਾਤ ਦੇ ਵਿਦਿਆਰਥੀਆਂ ਨੇ ਜ਼ਰੂਰੀ ਸੰਚਾਰ ਹੁਨਰ ਵਿਕਸਿਤ ਕਰਦੇ ਹੋਏ ਇੱਕ ਦਿਲਚਸਪ ''ਦੇਖੋ ਅਤੇ ਦੱਸੋ'' ਫਲੈਸ਼ਕਾਰਡ ਗਤੀਵਿਧੀ ਵਿੱਚ ਭਾਗ ਲਿਆ। ਪ੍ਰਿੰਸੀਪਲ ਗੁਰਜੀਤ ਕੌਰ ਨੇ ਦੱਸਿਆ ਕਿ ਸਮਾਜਿਕ ਹੁਨਰ ਨੂੰ ਵਧਾਉਣ, ਆਲੇ ਦੁਆਲੇ ਦੇ ਸੰਸਾਰ ਬਾਰੇ ਜਾਗਰੂਕ ਕਰਨ ਅਤੇ ਭਾਸ਼ਾ ਦੇ ਹੁਨਰ ਵਿੱਚ ਸੁਧਾਰ ਕਰਨ ਲਈ ਅਧਿਆਪਕਾਂ ਦੀ ਅਗਵਾਈ ਹੇਠ ਸਾਡੇ ਨਿੱਕੇ-ਨਿੱਕੇ ਬੱਚੇ ਹੁਣ ਭਰੋਸੇ ਨਾਲ ਆਪਣੇ ਵਿਚਾਰ ਪ੍ਰਗਟ ਕਰਨ ਦੇ ਨਾਲ-ਨਾਲ ਆਪਣੇ ਆਲੇ-ਦੁਆਲੇ ਦਾ ਨਿਰੀਖਣ ਕਰਦੇ ਹਨ ਅਤੇ ਸਧਾਰਨ ਅੰਗਰੇਜ਼ੀ ਵਾਕਾਂ ਨੂੰ ਬਣਾਉਂਦੇ ਹਨ।ਪ੍ਰਿੰਸੀਪਲ ਗੁਰਜੀਤ ਕੌਰ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਨਿਰੰਤਰ ਰਚਨਾਤਮਿਕਤਾ ਅਤੇ ਸਵੈ-ਪ੍ਰਗਟਾਵੇ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਕਿਹਾ ਕਿ ਇਹ ਗਤੀਵਿਧੀ ਇੱਕ ਉਜਵਲ ਭਵਿੱਖ ਲਈ ਨੀਂਹ ਪੱਥਰ ਰੱਖਦੀ ਹੈ।




# ਵਿਧਾਇਕ ਸੰਧੂ ਵੱਲੋਂ ਅਨੰਦਪੁਰੀ ਪੰਚਾਇਤ ਨੂੰ ਕੀਤਾ ਗਿਆ ਸਨਮਾਨਿਤ

**ਚੌਕ ਮਹਿਤਾ, 27ਅਕਤੂਬਰ(ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਲਕਾ ਪੱਛਮੀ ਅਧੀਨ ਜੇਤੂ ਰਹੀਆਂ ਗ੍ਰਾਮ ਪੰਚਾਇਤਾਂ ਦੇ ਵਿਕਾਸ ਕਾਰਜ ਬਿਨਾਂ ਕਿਸੇ ਪੱਖਪਾਤ ਦੇ ਕਰਵਾਏ ਜਾਣਗੇ ਇਹ ਵਿਚਾਰ ਹਲਕਾ ਵਿਧਾਇਕ ਪੱਛਮੀ ਡਾਕਟਰ ਜਸਬੀਰ ਸਿੰਘ ਸੰਧੂ ਗ੍ਰਾਮ ਪੰਚਾਇਤ ਅਨੰਦਪੁਰੀ ਦੇ ਨਵ ਨਿਯੁਕਤ ਸਰਪੰਚ ਸਤਨਾਮ ਸਿੰਘ ਸ਼ੀਨਾ ਸਮੇਤ ਪੰਚਾਂ ਨੂੰ ਸਨਮਾਨਿਤ ਕਰਦਿਆਂ ਪ੍ਰੈਸ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ ਉਨਾਂ ਅਨੰਦਪੁਰੀ ਪੰਚਾਇਤ ਵਾਸੀਆਂ ਨੂੰ ਭਰੋਸਾ ਦਵਾਉਂਦਿਆਂ ਕਿਹਾ ਕਿ ਜਿੱਥੇ ਪਾਰਟੀ ਦੀ ਪੱਖਬਾਜ਼ੀ ਕਾਰਨ ਆਨੰਦਪੁਰੀ ਦੇ ਵਿਕਾਸ ਕਾਰਜ ਪਿਛਲੇ ਸਮੇਂ ਜ਼ੀਰੋ ਰਹੇ ਹਨ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਜਲਦ ਸ਼ੁਰੂ ਹੋਣਗੇ ਪੰਚਾਇਤ ਵਿੱਚ ਡਿਸਪੈਂਸਰੀ ਡੀਪੂ ਸਟਰੀਟ ਲਾਈਟਾਂ ਲਗਾਉਣ ਲਈ ਜਲਦ ਉਪਰਾਲਾ ਕੀਤਾ ਜਾਵੇਗਾ ਪੂਰੇ ਇਲਾਕੇ ਦੀਆਂ ਵੱਖ ਵੱਖ ਵਾਰਡਾਂ ਦੀ ਨੁਹਾਰ ਬਦਲੀ ਜਾਵੇਗੀ ਇਸ ਮੌਕੇ ਬਲਵਿੰਦਰ ਸਿੰਘ ਉੱਪਲ ਮਜੀਠੀਆ ਪੰਚ ਰਾਜਨਦੀਪ ਸਿੰਘ ਕੁਲਦੀਪ ਸਿੰਘ ਗੁਰਪ੍ਰੀਤ ਕੌਰ ਕਿਸ਼ੋਰ ਚੰਦ ਰਣਦੀਪ ਸਿੰਘ ਛੀਨਾ ਪ੍ਰਭਜੋਤ ਸਿੰਘ ਬਾਊ ਪ੍ਰਤਾਪ ਸਿੰਘ ਤਰਲੋਕ ਸਿੰਘ ਹਰਦੇਵ ਸਿੰਘ ਬਾਠ ਪ੍ਰਧਾਨ ਨਵਤੇਜ ਸਿੰਘ ਦਲਬੀਰ ਸਿੰਘ ਬਾਠ ਸਤਿਨਾਮ ਸਿੰਘ ਢਿੱਲੋਂ ਹਰਪਾਲ ਸਿੰਘ ਢਿੱਲੋਂ ਲਖਵਿੰਦਰ ਸਿੰਘ ਸੈਕਟਰੀ ਅਮਨ ਲੁਬਾਣਾ ਰੋਬਿਨ ਉਪਲ ਅਨਮੋਲ ਉਪਲ ਸੰਦੀਪ ਸਿੰਘ ਛੀਨਾ ਕਨੇਡਾ ਹਰਪਾਲ ਸਿੰਘ ਔਲਖ ਅਮਰ ਸਿੰਘ ਬੁੱਟਰ ਅਕਵਿੰਦਰ ਸਿੰਘ ਸੰਧੂ ਸੁਖ ਚਰਨ ਸਿੰਘ ਅਰਜਨ ਕੁਮਾਰ ਜਰਨੈਲ ਸਿੰਘ ਬਲਜਿੰਦਰ ਸਿੰਘ ਢਿੱਲੋਂ ਆਦਿ ਹਾਜ਼ਰ ਸਨ।



# ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਵੱਲੋਂ ਰਾਜ ਦਵਿੰਦਰ ਸਿੰਘ ਵੜੈਚ ਦੀ ਪੁਸਤਕ

### ''ਮਿੱਠੀਆਂ ਯਾਦਾਂ'' ਲੋਕ ਅਰਪਿਤ ਸਮਾਗਮ



**ਚੌਕ ਮਹਿਤਾ, 27 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿਛਲੇ 39 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ ਦੀ ਸੇਵਾ ਵਿੱਚ ਨਿਰੰਤਰ ਜੁੱਟੀ ਚਰਚਿੱਤ ਸਾਹਿਤਕ ਸੰਸਥਾ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਇਕ ਸਾਹਿਤਕ ਸਮਾਗਮ ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਗਿਆ ।ਇਸ ਮੌਕੇ ਪ੍ਰਸਿੱਧ ਚਿੰਤਕ ਅਤੇ ਵਿਦਵਾਨ ਲੇਖਕ ਡਾ: ਆਸਾ ਸਿੰਘ ਘੁੰਮਣ ਨੇ ਬਤੌਰ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ, ਜਦਕਿ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ, ਸਕੱਤਰ ਦੀਪ ਦਵਿੰਦਰ ਸਿੰਘ, ਕਾਰਜਕਾਰਨੀ ਮੈਂਬਰ ਮਾ: ਮਨਜੀਤ ਸਿੰਘ ਵੱਸੀ, ਪੰਜਾਬੀ ਸਾਹਿਤ ਸਭਾ ਦੇ ਸਰਪ੍ਰਸਤ ਪ੍ਰਿੰਸੀਪਲ ਰਘਬੀਰ ਸਿੰਘ ਸੋਹਲ, ਸੀਨੀਅਰ ਮੀਤ ਪ੍ਰਧਾਨ ਡਾ: ਪਰਮਜੀਤ ਸਿੰਘ ਬਾਠ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਭੈਣੀਵਾਲਾ ਸਾਬਕਾ ਬੀ.ਈ.ਈ.ਓ, ਜਸਵਿੰਦਰ ਸਿੰਘ ਢਿੱਲੋਂ ਪ੍ਰਧਾਨ ਪੰਜਾਬੀ ਸਾਹਿਤ ਅਤੇ ਸਭਿਆਚਾਰਕ ਮੰਚ ਤਰਨ ਤਾਰਨ, ਅਵਤਾਰ ਸਿੰਘ ਗੋਇੰਦਵਾਲ ਜਨਰਲ ਸਕੱਤਰ ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ, ਸ: ਬਲਵਿੰਦਰ ਸਿੰਘ ਚਾਹਲ ਜਮਾਲਪੁਰ, ਸ: ਕੁਲਵੰਤ ਸਿੰਘ ਕੋਹਾਰ, ਰਾਜ ਦਵਿੰਦਰ ਸਿੰਘ ਵੜੈਚ ਅਤੇ ਡਾ: ਕੁਲਵੰਤ ਸਿੰਘ ਬਾਠ ਸੀ: ਵੈਟਰਨਰੀ ਅਫਸਰ ਸ਼ੁਸ਼ੋਭਿਤ ਹੋਏ । ਇਸ ਮੌਕੇ ਸ਼ਾਇਰ ਰਾਜ ਦਵਿੰਦਰ ਸਿੰਘ ਵੜੈਚ ਵੱਲੋਂ ਸੰਪਾਦਿਤ ਕੀਤੀ ਸਾਂਝੀ ਕਾਵਿ ਪੁਸਤਕ "ਮਿੱਠੀਆਂ ਯਾਦਾਂ" ਨੂੰ ਸਮੱਚੁ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਿਤ ਕੀਤਾ ਗਿਆ ।ਮੰਚ ਸੰਚਾਲਨ ਕਰ ਰਹੇ ਸਭਾ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਸਮੁੱਚੇ ਸਮਾਗਮ ਨੂੰ ਤਰਤੀਬ ਦਿੱਤੀ । ਇਸ ਮੌਕੇ ਇਸ ਮੌਕੇ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਕਰਵਾਏ ਗਏ ਕਵੀ ਦਰਬਾਰ ਵਿੱਚ ਗੁਰਜੀਤ ਕੌਰ ਅਜਨਾਲਾ, ਅਮਨ ਢਿੱਲੋਂ ਕਸੇਲ, ਰਾਜਵਿੰਦਰ ਕੌਰ ਰਾਜ, ਗੁਰਮੀਤ ਕੌਰ ਬੱਲ, ਹਰਵਿੰਦਰਜੀਤ ਕੌਰ ਬਾਠ, ਪ੍ਰਵੀਨ ਕੌਰ ਸਿੱਧੂ, ਬਲਵਿੰਦਰ ਕੌਰ ਸਰਘੀ, ਜਤਿੰਦਰਪਾਲ ਕੌਰ ਭਿੰਡਰ, ਰਾਜਵਿੰਦਰ ਕੌਰ ਵੜੈਚ, ਮਲੂਕ ਸਿੰਘ ਧਿਆਨਪੁਰ, ਸਰਬਜੀਤ ਸਿੰਘ ਪੱਡਾ, ਮਾ: ਬਲਬੀਰ ਸਿੰਘ ਬੀਰ, ਬਲਵਿੰਦਰ ਸਿੰਘ ਅਠੌਲਾ, ਅਸ਼ੋਕ ਟਾਂਡੀ, ਜਗਨ ਨਾਥਾ ਨਿਮਾਣਾ, ਰਮੇਸ਼ ਕੁਮਾਰ ਜਾਨੂੰ, ਸੁਖਵਿੰਦਰ ਸਿੰਘ ਖਾਰੇ ਵਾਲਾ, ਮਨਮੋਹਣ ਸਿੰਘ ਨਾਭਾ, ਅਨਮੋਲਦੀਪ ਸਿੰਘ, ਮਨਦੀਪ ਸਿੰਘ ਹੈਪੀ ਜੋਸਨ, ਹਰਜੀਤ ਸਿੰਘ ਸੰਧੂ, ਹਰਜਿੰਦਰ ਸਿੰਘ ਖੰਨਾ, ਅੰਮ੍ਰਿਤਪਾਲ ਸਿੰਘ, ਜਸਵਿੰਦਰ ਸਿੰਘ, ਅਭੈਜੋਤ ਸਿੰਘ, ਗੁਰਸ਼ਾਨ ਸਿੰਘ ਧਿਆਨਪੁਰ, ਵੀਰ ਕੌਰ, ਗੁਰਲੀਨ ਕੌਰ, ਦਾਰਿਸ਼ਬੀਰ ਸਿੰਘ , ਰਣਜੀਤ ਕੌਰ, ਸਮੇਤ ਸਮੇਤ ਵੱਖ ਵੱਖ ਸਾਹਿਤ ਸਭਾਵਾਂ ਵਿਚੋਂ ਪੁਜੇ ਕਵੀਜਨਾਂ ਨੇ ਕਾਵਿ-ਰਚਨਾਵਾਂ ਦੀ ਛਹਿਬਰ ਲਾਈ।

## ਪਿੰਡ ਚੰਨਣਕੇ ਦੇ ਨਵੇਂ ਬਣੇ ਸਰਪੰਚ ਨੋਜਵਾਨ ਕੁਲਵਿੰਦਰ ਸਿੰਘ ਮਿੱਠਾ ਨੇ ਵੋਟਰਾਂ ਦਾ ਕੀਤਾ ਧੰਨਵਾਦ

**ਚੌਕ ਮਹਿਤਾ, 27 ਅਕਤੂਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਲਕਾ ਮਜੀਠਾ ਬਲਾਕ ਤਰਸਿੱਕਾ ਦੇ ਪਿੰਡ ਚੰਨਣਕੇ ਦੇ ਨਵੇਂ ਬਣੇ ਸਰਪੰਚ ਕੁਲਵਿੰਦਰ ਸਿੰਘ ਮਿੱਠਾ ਨੇ ਸਰਪੰਚੀ ਵੋਟਾਂ ਵਿੱਚ ਉਨ੍ਹਾਂ ਦੇ ਹੱਕ ਵਿੱਚ ਵੋਟਾਂ ਪਾ ਕੇ ਉਨ੍ਹਾਂ ਨੂੰ ਸਰਪੰਚ ਬਣਾਉਣ ਤੇ ਸਮੂਹ ਸੂਝਵਾਨ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਮੈ ਪਿੰਡ ਦਾ ਵਿਕਾਸ ਸਰਬਪੱਖੀ ਅਤੇ ਬਿਨਾਂ ਕਿਸੇ ਭੇਦਭਾਵ ਦੇ ਕਰਾਂਗਾ, ਉਨ੍ਹਾਂ ਨੇ ਕਿਹਾ ਕਿ ਜੋ ਵਿਕਾਸ ਦੇ ਕੰਮ ਪਿੱਛਲੇ ਕਾਫ਼ੀ ਸਾਲਾ ਤੋਂ ਨਹੀਂ ਹੋਏ, ਉਹ ਕੰਮ ਮੈ ਤੇ ਮੇਰੇ ਸਾਥੀ ਪੰਚ ਪਹਿਲ ਆਧਾਰ ਤੇ ਕਰਾਂਗੇ, ਉਨ੍ਹਾਂ ਨੇ ਕਿਹਾ ਕਿ ਪਿੰਡ ਚੰਨਣਕੇ ਦੀ ਨਵੀਂ ਬਣੀ ਪੰਚਾਇਤ ਹਰੇਕ ਵਰਗ ਨੂੰ ਧਿਆਨ ਰੱਖ ਕੇ ਕਰੇਗੀ, ਪਿੰਡ ਪੱਧਰ ਤੇ ਸਭ ਮਸਲਿਆਂ ਨੂੰ ਹੱਲ ਪਿੰਡ ਵਿੱਚ ਰਹਿ ਕੇ ਕੀਤਾ ਜਾਵੇਗਾ, ਪਿੰਡ ਦੇ ਸੂਝਵਾਨ ਲੋਕਾਂ ਲਈ ਮੇਰੇ ਦਰਵਾਜ਼ੇ 24 ਘੰਟੇ ਖੁੱਲੇ ਰਹਿਣ ਗੇ ਉਨ੍ਹਾਂ ਨੇ ਕਿਹਾ ਕਿ ਸਭ ਤੋਂ ਪਹਿਲਾਂ ਨਸਿਆ ਨੂੰ ਠੱਲ ਪਾਈ ਜਾਵੇਗੀ, ਨਸੇ ਦੇ ਕੇਸ ਵਿੱਚ ਮੈ ਅਤੇ ਮੇਰੀ ਪੰਚਾਇਤ ਕੋਈ ਵੀ ਕਿਸੇ ਦੀ ਸਹਾਇਤਾ ਨਹੀਂ ਕੀਤੀ ਜਾਵੇਗੀ। ਪਿੰਡ ਦੇ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਖੇਡਾਂ ਨਾਲ ਜੋੜਿਆ ਜਾਵੇਗਾ। ਹਰੇਕ ਦੇ ਦੁੱਖ ਸੁੱਖ ਦੇ ਅਸੀ ਭਾਈਵਾਲ ਹੋਵਾਂਗੇ। ਅਤੇ ਮਾੜੇ ਅਨਸਰਾਂ ਨੂੰ ਕਨੂੰਨ ਦੀ ਸਹਾਇਤਾ ਨਾਲ ਠੱਲ ਪਾਈ ਜਾਵੇਗੀ।







ਜਨਮ ਦਿਨ ਮੁਬਾਰਕ

ਸ੍ਰੀ ਮਾਨ ਸੰਤ ਬਾਬਾ ਗੁਰਦੀਪ ਸਿੰਘ ਜੀ ਤਰਸਿੱਕਾ ਵਾਲਿਆਂ ਨੂੰ ਜਨਮ ਦਿਨ ਦੀਆਂ ਲੱਖ ਲੱਖ ਵਧਾਈਆਂ ਹੋਣ ਜੀ, ਵੱਲੋਂ ਸਮੂਹ ਸੰਤ ਸਮਾਜ ਮਾਝਾ ( ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

### ਸਿੱਖ ਸੰਘਰਸ਼ ਦੇ ਅਨਮੋਲ ਹੀਰੇ ਅਮਰ ਸ਼ਹੀਦ ਭਾਈ ਬਲਵਿੰਦਰ ਸਿੰਘ ਬਾਰਾ ਬੱਬਰ ਦਾ

# ਪਿੰਡ ਪੰਜੋਲਾਂ ਵਿਖੇ ਸ਼ਹੀਦੀ ਦਿਹਾੜਾ ਮਨਾਇਆ ਗਿਆ

## ਸ਼ਹੀਦਾਂ ਸਿੰਘਾਂ ਦੇ ਸ਼ਹੀਦੀ ਦਿਹਾੜੇ ਮਨਾਉਣੇ ਤਾਂ ਹੀ ਸਫਲ ਹਨ ਜੇ ਕੌਮ ਖਾਲਿਸਤਾਨ ਵੱਲੋ ਨੂੰ ਅੱਗੇ ਵਧੇ













ਸਿੱਖ ਸੰਘਰਸ਼ ਦੇ ਅਨਮੋਲ ਹੀਰੇ ਅਮਰ ਸ਼ਹੀਦ ਭਾਈ ਬਲਵਿੰਦਰ ਸਿੰਘ ਬਾਰਾ ਬੱਬਰ ਦਾ ਸ਼ਹੀਦੀ ਦਿਹਾੜਾ ਓਨਾ ਦੇ ਜੱਦੀ ਪਿੰਡ ਪੰਜੋਲਾਂ ਵਿਖ਼ੇ ਮਨਾਇਆ ਗਿਆ 24 ਤਰੀਕ ਨੂੰ ਭਾਈ ਰਵਿੰਦਰਪਾਲ ਸਿੰਘ ਸਤਿਕਾਰ ਕਮੇਟੀ ਆਲਿਆ ਦੇ ਜੱਥੇ ਵੱਲੋ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ 26 ਅਕਤੂਬਰ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਖੁੱਲ੍ਹੇ ਗਰਾਉਂਡ ਵਿੱਚ ਪੰਡਲ ਸਜਾਏ ਗਏ. ਸ਼ਹੀਦੀ ਸਮਾਗਮ ਵਿੱਚ ਜੱਥੇਦਾਰ ਨਾਥ ਸਿੰਘ ਹਮੀਦੀ ਦੇ ਢਾਡੀ ਜੱਥੇ ਨੇ ਸ਼ਹੀਦ ਸਿੰਘ ਦਾ ਇਤਿਹਾਸ ਸੁਣਾ ਕੇ ਸਿੱਖ ਸੰਗਤ ਨੂੰ ਨਿਹਾਲ ਕੀਤਾ ਗਿਆ ਫਿਰ ਸਟੇਜ ਦੀ ਕਾਰਵਾਈ ਬਾਬਾ ਬਖਸੀਸ ਸਿੰਘ ਜੀ ਵੱਲੋ ਸ਼ੁਰੂ ਕੀਤੀ ਗਏ ਸਿੰਘਾਂ ਸ਼ਹੀਦਾਂ ਨੂੰ ਸਰਧਾ ਦੇ ਫੁੱਲ ਭੇਟ ਕਰਦਿਆਂ ਜੱਥੇਦਾਰ ਕਰਨੈਲ ਸਿੰਘ ਪੰਜੋਲੀ ਕਿਹਾ ਜਿਸ ਤਰਾਂ ਸਰਕਾਰ ਸਾਡੇ ਯੋਧਿਆਂ ਦੇ ਸ਼ਹੀਦੀ ਸਮਾਗਮ ਕਰਨ ਵਿੱਚ ਰੁਕਾਵਟ ਪਾਉਂਦੀ ਹੈ ਸ਼ਹੀਦ ਪਰਿਵਾਰਾਂ ਨੂੰ ਡਰਾਇਆ ਜਾਂਦਾ ਹੈ ਅਜਿਹੇ ਜ਼ੁਲਮਾਂ ਤੋ ਤੰਗ ਆ ਕੇ ਹੀ ਸਿੱਖ ਕੌਮ ਖਾਲਿਸਤਾਨ ਦੇ ਰਾਹ ਤੁਰਦੀ ਹੈ, ਡਾਲ ਖਾਲਸਾ ਦੇ ਮੁੱਖੀ ਭਾਈ ਪਰਮਜੀਤ ਸਿੰਘ ਮੰਡ ਨੇ ਕਿਹਾ ਸਾਡੇ ਵੱਲੋ ਸ਼ਹੀਦਾਂ ਸਿੰਘਾਂ ਦੇ ਸ਼ਹੀਦੀ ਦਿਹਾੜੇ ਮਨਾਉਣੇ ਤਾ ਹੀ ਸਫਲ ਹਨ ਜੇ ਕੌਮ ਖਾਲਿਸਤਾਨ ਵੱਲੋ ਨੂੰ ਅੱਗੇ ਵਧੇ, ਸਿੰਘਾਂ ਸ਼ਹੀਦਾਂ ਯੋਧਿਆਂ ਦੇ ਨਕਸ਼ੇ ਕਦਮਾਂ ਤੇ ਤੁਰਨਾ ਨਵੀ ਪੀੜੀ ਦਾ ਪਹਿਲਾ ਫਰਜ਼ ਹੈ ਸਾਨੂੰ ਇਕਜੁੱਟ ਹੋਕੇ ਖਾਲਿਸਤਾਨ ਲਈ ਯਤਨਸੀਲ ਰਹਿਣਾ ਚਾਹੀਂਦਾ ਹੈ , ਸਿੱਖ ਸੰਗਤ ਨੂੰ ਸਬੋਧਨ ਕਰਦਿਆਂ ਭਾਈ ਰਵਿੰਦਰ ਸਿੰਘ ਵਜੀਦਪੁਰ ਨੇ ਭਾਈ ਬਲਵਿੰਦਰ ਸਿੰਘ ਬਾਰਾ ਨਾਲ ਜੁੜੀਆਂ ਯਾਦਾਂ ਸਾਂਝੀਆਂ ਕੀਤੀਆਂ, ਇਹਨਾਂ ਤੋ ਇਲਾਵਾ ਜੱਥੇਦਾਰ ਰਾਜਾ ਰਾਜ ਸਿੰਘ ਜੀ ਅਰਬਾ ਖਰਬਾਂ ,ਭਾਈ ਪਾਰਸ ਸਿੰਘ ਸੁਲਤਾਨਵਿੰਡ ,ਭਾਈ ਰਣਜੀਤ ਸਿੰਘ ਸੰਤੋਖ਼ਗੜ ਮਾਨ ਦਲ ,ਭਾਈ ਫੌਜਾਂ ਸਿੰਘ ਧੰਨੌਰੀ, ਭਾਈ ਦਿਲਬਾਗ ਸਿੰਘ ਨੇ ਵੀ ਸਿੰਘਾਂ ਸ਼ਹੀਦਾਂ ਨੂੰ ਸਰਧਾ ਦੇ ਫੁੱਲ ਭੇਟ ਕੀਤੇ .ਸ਼ਹੀਦਾਂ ਪਰਿਵਾਰ ਤੇ ਖਾੜਕੂ ਸੰਘਰਸ਼ ਨਾਲ ਜੁੜੀਆਂ ਸਖਸੀਅਤਾ ਬਾਪੂ ਜਰਨੈਲ ਸਿੰਘ ਮਾਜਰੀ ,ਭਾਈ ਹਰਮਿੰਦਰ ਸਿੰਘ ਚੈੜੀਆ , ਦਾ ਵਿਸ਼ੇਸ ਸਨਮਾਨ ਕੀਤਾ ਗਿਆ , ਬੀਬੀ ਕਮਲਜੀਤ ਕੌਰ ਨੇ ਸਟੇਜ ਤੇ ਫੁੱਲਾਂ ਦੀ ਸਜਾਵਟ ਦੀ ਨਿਸ਼ਕਾਮ ਸੇਵਾ ਕੀਤੀ ਇਸ ਸਮਾਗਮ ਵਿੱਚ ਗੱਤਕੇ ਤੇ ਜੌਹਰ ਵੀ ਵਿਖਾਏ ਗਏ, ਤਿੰਨੋ ਦਿਨ ਗੁਰੂ ਕੇ ਲੰਗਰ ਅਟੁੱਟ ਵਰਤਦੇ ਰਹੇ , ਸਮਾਗਮ ਦੀ ਸਮਾਪਤੀ ਤੇ ਸ਼ਹੀਦ ਭਾਈ ਬਲਵਿੰਦਰ ਸਿੰਘ ਬਾਰਾ ਜੀ ਦੀ ਬੇਟੀ ਬੀਬੀ ਕਿਰਨਜੀਤ ਕੌਰ ਪੰਜੋਲਾਂ ਵੱਲੋ ਸਮੂਹ ਸਿੱਖ ਸੰਗਤ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ , ਨੌਜਵਾਨ ਸਭਾ ਪਿੰਡ ਪੰਜੋਲਾਂ ,ਸਤਿਕਾਰ ਕਮੇਟੀ ਵੱਲੋ ਤਿੰਨੋ ਦਿਨ ਦਿਨ ਰਾਤ ਸੇਵਾ ਕੀਤੀ ਗਈ ਸ਼ਹੀਦ ਭਾਈ ਬਲਵਿੰਦਰ ਸਿੰਘ ਬਾਰਾ ਦੀ ਸਿੰਘਣੀ ਮਾਤਾ ਕੁਲਦੀਪ ਕੌਰ ਜੀ ਅਤੇ ਓਨਾ ਦੀ ਬੇਟੀ ਦਾ ਵੱਖ ਵੱਖ ਸੰਸਥਾਵਾਂ ਵੱਲੋ ਵਿਸੇਸ ਸਨਮਾਨ ਕੀਤਾ ਗਿਆ . ਇਸ ਮੌਕੇ ਤੇ ਸਰਪੰਚ ਸੁਖਵਿੰਦਰ ਸਿੰਘ ਕਾਲਾ ਪੰਜੋਲਾਂ ਭਾਈ ਬਲਕਾਰ ਸਿੰਘ ਪੰਜੋਲਾਂ ਭਾਈ ਮਨਿੰਦਰ ਸਿੰਘ ਪੰਜੋਲਾਂ ਭਾਈ ਸੁਰਿੰਦਰ ਸਿੰਘ ਪੰਜੋਲਾਂ ਭਾਈ ਦਲਜੀਤ ਸਿੰਘ ਪੰਜੋਲਾਂ ,ਭਾਈ ਜੁਝਾਰ ਸਿੰਘ ਠੀਕਰੀਵਾਲ ,ਬੀਬੀ ਗੁਰਦੀਪ ਕੌਰ ਨੀਟੂ ਬਰਨਾਲਾ, ਬੀਬੀ ਕੰਵਲਜੀਤ ਕੌਰ ਠੀਕਰੀਵਾਲ ਬੀਬੀ ਗਗਨਦੀਪ ਕੌਰ ਮੱਲ੍ਹੂਪੋਤਾ ਭਾਈ ਲਖਬੀਰ ਸਿੰਘ ਸੋਹਲ ਸਮੇਤ ਸੈਕੜੇ ਸਿੱਖ ਸੰਗਤ ਵੱਲੋ ਹਾਜ਼ਰੀ ਭਰੀ ਗਈ, ਇਸ ਸਮਾਗਮ ਦੇ ਮੁੱਖ ਪ੍ਰਬੰਧਕ ਭਾਈ ਸੁਰਿੰਦਰ ਸਿੰਘ ਠੀਕਰੀਵਾਲ ਯੂ ਐਸ ਏ ਸਨ , ਭਾਈ ਕਰਨਪਲ ਸਿੰਘ ਸਟੋਕਟਨ ਭਾਈ ਵਸਾਵਾ ਸਿੰਘ ਯੂ ਐਸ ਏ ਭਾਈ ਰਣਬੀਰ ਸਿੰਘ ਯੂ ਐਸ ਏ ਭਾਈ ਪਰਮਿੰਦਰ ਸਿੰਘ ਯੂ ਐਸ ਏ ਭਾਈ ਗੁਰਜੰਟ ਸਿੰਘ ਨਾਗੋਕੇ ਭਾਈ ਕੁਲਦੀਪ ਸਿੰਘ ਨਾਗੋਕੇ ਭਾਈ ਸੁਖਬੀਰ ਸਿੰਘ ਆਸਟ੍ਰੇਲੀਆ ਨੇ ਵੀ ਵਿਸ਼ੇਸ ਸਹਿਯੋਗ ਦਿੱਤਾ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# "ਵਿਹੜੇ ਆਈ ਜੰਞ, ਵਿਨ੍ਹ ਕੁੜੀ ਦੇ ਕੰਨ"



ਪਰਮਿੰਦਰ ਸਿੰਘ ਬੱਲ
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com

ਧਰਮ ,ਜਥੇਦਾਰ ਤੇ ਅਕਾਲੀ ਸਿਆਸਤ , ਦੇ ਨਾਮ ਜੋ ਸਮੁੱਚੀ ਕੌਮ ਨੂੰ ਗੁਮਰਾਹ ਕੀਤਾ ਜਾ ਰਿਹਾ , ਕੌਮ ਦੇ ਭਵਿੱਖ ,ਸਿੱਖਾਂ ਲਈ ਖ਼ਤਰਨਾਕ ਬਣਾ ਦਿੱਤੇ ਗਏ ਹਨ। ਪਿਛਲੇ ਕਈ ਦਹਾਕਿਆਂ ਤੋਂ ਅਕਾਲੀ ਦਲ ,ਸਿੱਖ ਰਾਜਨੀਤਕ ਪਾਰਟੀ , ਸਿਰਫ ਇੱਕ ਬਾਦਲ ਪਰਵਾਰ ਦੀ ਜੇਬੀ ਜਥੇਬੰਦੀ (ਦਲ) ਬਣ ਕੇ ਕਹਿ ਗਈ ਸੀ ।ਇਸ ਪਰਿਵਾਰ ਦੇ ਰਾਜਨੀਤਕ ਢਾਂਚੇ ਨੇ ਨਾਮ ਸਿੱਖਾਂ ਦਾ ਵਰਤਿਆ , ਪਰ ਉਲਟ 1978 ,1984 ਦੇ ਵਰਤਾਏ ਘਲੂਘਾਰਿਆਂ ਸਮਿਆਂ ਤੋਂ ਅੱਜ ਤੱਕ ਸਿੱਖਾਂ ਨੂੰ ਹੀ , ਲਿਤਾੜਿਆ ਤੇ ਮਰਵਾਇਆ ।ਪੰਜਾਬ ਵਿੱਚ ਝੂਠੇ ਪੁਲੀਸ ਮੁਕਾਬਲਿਆਂ ਨੂੰ ਸ਼ੁਰੂ ਕਰਨ ਵਾਲੀ ਬਾਦਲਸ਼ਾਹੀ,ਸਿਰਸਾ ਸਾਧ ਦੀ ਉਤਪਤੀ,ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ,ਵਿਰੋਧੀਆਂ ਤੇ ਨਕਲੀ ਪਰਚੇ ,ਉਹਨਾਂ ਹੀ ਤੇ ਪੁਲੀਸ ਠਾਣਿਆਂ ਵਿੱਚ ਢਾਹੇ ਕਹਿਰ , ਕਤਲ ,ਇਤਿਆਦਿਕ ਸਿੱਖਾਂ ਤੇ ਹੀ ਢਾਹੇ ਗਏ।ਅੱਜ ਇਸ ਬਾਦਲ਼ਸ਼ਾਹੀ ਪਰਵਾਰ ਨੂੰ ਸਮੁੱਚਾ ਸਿਖ ਸੰਸਾਰ ਨਿਕਾਰ ਚੁੱਕਾ ਹੈ। ਸ਼ਰੋਮਣੀ ਕਮੇਟੀ ਤੇ ਵੀ ਇਹਨਾਂ ਦਾ ਕਬਜ਼ਾ ਹੋਣ ਕਰਕੇ , ਤਖਤਾਂ ਦੇ ਜਥੇਦਾਰ ਤੇ ਉਹਨਾਂ ਦੀ ਕਾਰਗੁਜ਼ਾਰੀ ਵੀ ਬਾਦਲਸ਼ਾਹੀ ਅਨੁਸਾਰ ਹੀ ਰਹੀ ।ਇਹੀ ਵੀ ਕਾਰਨ ਬਣੇ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਤੇ 327 ਸਰੂਪਾਂ ਦੇ ਗਾਇਬ ਹੋਣ ਬਾਰੇ ਜਥੇਦਾਰ ਹਰਪ੍ਰੀਤ ਸਿੰਘ (ਸਾਬਕਾ ਜਥੇਦਾਰ ਅਕਾਲ ਤਖਤ) ਨੇ ਖੁਦ ਜ਼ੁੰਮੇਵਾਰੀ ਲੈਕੇ , ਇਸ ਮੁਖੀ ਮਸਲੇ ਬਾਰੇ ਚੁੱਪ ਧਾਰ ਲਈ। ਪੜਤਾਲੀਆ ਕਮੇਟੀ ਦੀ ਰਿਪੋਰਟ ਨੂੰ ਜਨਤਕ ਕਰਨ ਤੋਂ ਕੰਨੀ ਕਤਰਾ ਗਏ। ਕਿਉਂਕਿ ਅਜਿਹੀਆਂ ਕਾਰਵਾਈਆਂ ਨੂੰ ਰੋਕਣ ਲਈ ਵੀ ਬਾਦਲਾਂ ਦੀ ਚਾਹਤ ਸੀ ।ਹੁਣ ਨਵੇ ਨਿਯੁਕਤ ਜਥੇਦਾਰ ਰਘਬੀਰ ਸਿੰਘ ਜੀ ਨੇ ਆਹੁਦਾ ਸੰਭਾਲਦਿਆਂ ਇੱਕ ਜਾਰੀ ਰਹੀ ਢਿਲਣ ਬਾਜੀ ਨੂੰ ਹੀ ਜਾਰੀ ਰੱਖਿਆ ।ਸਿੱਖ ਸੰਗਤਾਂ ਦੇ ਰੋਹ , ਤੇ ਬਾਦਲ ਧੜੇ ਨੂੰ ਛੱਡ ਚੁੱਕੇ ਨਾਮਵਾਰ ਆਗੂਆਂ ਨੇ ਜਦ ਉਪਰੋਕਤ ਮੁੱਦਿਆਂ ਤੇ ਆਪਣੇ ਸਮੇਂ ਦੇ ਹਾਲਾਤਾਂ ਤੇ ਸਬੰਧਤ ਉੱਤਰਦਾਈ ਹੋਣ ਲਈ , ਆਕਾਲ ਤਖ਼ਤ ਸਾਹਮਣੇ ਪੇਸ਼ ਹੋਣ ਲਈ ਬੇਨਤੀ ਕਰ ਦਿੱਤੀ ।ਬਾਦਲ ਪੱਖੀ ਸੋਚ ਰੱਖਦੇ ਜਥੇਦਾਰਾਂ ਨੂੰ ਇਹਨਾਂ ਦੀ ਪੇਸ਼ਗੀ ਮੰਨਣੀ ਪਈ ।ਇਸੇ ਆਧਾਰ ਸੁਖਬੀਰ ਸਿੰਘ ਬਾਦਲ ਵੀ ਉਪਰੋਕਤ ਕਹੇ ਕਈ ਗੁਨਾਹਾਂ ਦੇ ਆਧਾਰ ਨੂੰ ਕਬੂਲ ਕਰਕੇ ਪੇਸ਼ ਹੋਇਆ ।ਜਥੇਦਾਰ ਰਘਬੀਰ ਸਿੰਘ ਨੇ ਸਾਲ 2003ਤੇ 2012 ਦੇ ਸਮੇਂ ਦੇ ਰਾਜ ਸੱਤਾ ਦੋਸ਼ ਆਧਾਰ ਸ੍ਰ ਸੁਖਬੀਰ ਸਿੰਘ ਬਾਦਲ ਨੂੰ 15 ਦਿਨ ਲਈ ਤਨਖਾਹੀਆ ਕਰਾਰ ਦਿੱਤਾ ਅਤੇ ਹੋਰ ਸ਼ਪਸ਼ਟੀਕਰਨ ਪ੍ਰਾਪਤ ਕਰਨ ਹਿਤ ਆਦੇਸ਼ ਦੇ ਦਿੱਤਾ ।ਜੋ ਜਥੇਦਾਰ ਸਾਹਿਬ ਵਲੋ 15 ਦਿਨ ਬੀਤ ਜਾਣ ਤੇ ਇਸ ਉਦੇਸ਼ ਨੂੰ ਲਮੇਰੇ ਅਣਮਿਥੇ ਸਮੇਂ ਲਈ ਛੱਡ ਦਿੱਤਾ ।ਅੱਜ ਤੱਕ ਕੋਈ ਦਿਸ਼ਾ ਨਹੀ ਦਿੱਤੀ ਗਈ ।ਸਗੋ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਵਿਰਸਾ ਸਿੰਘ ਵਲਟੋਹਾ ਵਿਰੁੱਧ ਇਧਰ , ਉੱਧਰ ਦੀਆਂ ਗੱਲਾਂ ਬਹਾਨੇ ਸ਼ਕੈਤੀ ਦੌਰ ਚਲਾ ਕੇ ਵਲਟੋਹਾ ਸਾਹਿਬ ਨੂੰ , ਅਕਾਲੀ ਦਲ ਤੋਂ ਦਸ ਸਾਲ ਬਾਹਰ ਕੱਢਣ ਦਾ ਆਦੇਸ਼ ਅਕਾਲ ਤਖ਼ਤ ਵੱਲੋਂ ਕਰ ਦਿੱਤਾ ।ਸਿੱਖ ਵੀ ਹੈਰਾਨ ਕਿ ਕਸੂਰਵਾਰ ਲੀਡਰਸ਼ਿਪ 15 ਦਿਨ ਤੇ ਲਮਕਦੇ ਸਮੇਂ ਦਾ ਟਾਲ-ਮਟੋਲ , ਨਾਲ ਦੇ ਆਗੂ ਲਈ ਦਸ ਸਾਲ ਬਾਹਰ ਦਾ ਦਰਵਾਜ਼ਾ । ਬਲਵਿੰਦਰ ਸਿੰਘ ਭੂੰਦੜ ਨੂੰ ਦਲ ਦਾ ਕਾਰਜਕਾਰੀ ਪ੍ਰਧਾਨ ਭਾਵੇਂ ਬਣਾ ਦਿੱਤਾ ਗਿਆ , ਪਰ ਇਹ ਬਾਦਲ ਧੜੇ ਦੇ ਰੂਪ ਤੋਂ ਹੇਠਾ ਨਹੀ ਉਤਰੇ , ਇਹਨਾਂ ਦਲ ਦੀ ਸਰਗਰਮੀ ਪੱਖੋਂ ਚੁੱਪ ਧਾਰ ਲਈ ।ਇਸੇ ਦੌਰਾਨ ਦਲ ਅੰਦਰਲੀ ਖਿੱਚੋ ਤਾਣ ਤੇ ਮੌਕਾ ਤਾੜ ਕੇ , ਜਥੇਦਾਰ ਹਰਪ੍ਰੀਤ ਸਿੰਘ ਨੇ ਬਿਆਨ ਦਿੱਤਾ ਸੀ ਕਿ ਜੇਕਰ ਉਹਨਾਂ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਨ ਲਈ ਕਿਹਾ ਗਿਆ ਤਾਂ ਉਹ ਬਣਨ ਨੂੰ ਤਿਆਰ ਹਨ ।ਉਹਨਾਂ ਇਸ ਸੋਚ ਨੂੰ ਵਧਾਇਆ ਵੀ ਮਾਲੂਮ ਹੁੰਦਾ ।ਇਸ ਤੋਂ ਪਹਿਲਾਂ ਉਹ ਗ੍ਰਹਿ ਮੰਤਰੀ ਅਮਿਤ ਸ਼ਾਹ , ਕੇਜਰੀ ਵਾਲ ਤੇ ਹੋਰ ਸ਼ਕਸੀਅਤਾਂ ਨਾਲ ਬਤੌਰ ਜਥੇਦਾਰ ਅਕਾਲ ਤਖ਼ਤ ਮਿਲ ਚੁੱਕੇ ਸਨ । ਉਹਨਾਂ ਨੇ ਖੁਦ ਇਸ ਗੱਲ ਦਾ ਵੀ ਇੰਕ.ਸ਼ਾਫ ਵੀ ਕੀਤਾ ਕਿ , ਉਹਨਾਂ ਨੂੰ ਪੰਜਾਬ ਸਰਕਾਰ ਤੇ ਭਾਰਤ ਦੀ ਕੇਂਦਰੀ ਸਰਕਾਰ ਨੇ ਸਕਿਉਰਿਟੀ ਦਿੱਤੀ ਹੋਈ ਹੈ । ਪਿੱਛੇ ਜਿਹੇ ਕਿਸੇ ਭੱਦਰ ਪੁਰਸ਼ (ਪਾਪੀ) ਨੇ ਇਹਨਾਂ ਨੂੰ ਅਤਨੀਵੇਂ ਰੌਅ ਵਿਚ ਟੈਲੀਫ਼ੋਨ ਤੇ ਧਮਕੀ ਦਿੱਤੀ ਤਦ ਸਾਰੀ ਸਿੱਖ ਕੌਮ ਨੇ ਬਹੁਤ ਬੁਰਾ ਮਨਾਇਆ ਤੇ ਭਰ ਜ਼ੋਰ ਨਖੇਧੀ ਕੀਤੀ ।ਜਥੇਦਾਰ ਸਾਹਿਬ ਘਬਰਾ ਕੇ ਆਪਣੇ ਪਰਿਵਾਰ ਦੀ ਚਿੰਤਾ ਕਰਦੇ ਰੋ ਪਏ , ਤੇ ਇਹ ਕਹਿ ਗਏ ਕਿ ਮੈਂ ਸਕਿਉਰਿਟੀ ਵਾਪਸ ਕਰ ਦਿਆਂਗਾ ।ਕੌਮ ਨੇ ਇਹਨਾਂ ਦੀ ਕਮਜ਼ੋਰੀ ਤੇ ਸਦਮੇ ਜਿਹੀ ਹਾਲਾਤ ਨੂੰ ਅਜੀਬ ਜਿਹਾ ਦੇਖਿਆ ।ਜਥੇਦਾਰਾਂ ਦੀਆਂ ਉਪਰੋਕਤ ਕਾਰਵਾਈਆਂ ਨਾਲ ਬਾਦਲ ਦਲ ਪੂਰੀ ਤਰਾਂ ਦੋਫਾੜ,ਚੌਫਾੜ ਹੋ ਕੇ ਰਹਿ ਗਿਆ ।ਭਾਵੇਂ ਦਲ ਬਾਦਲਾਂ ਦੇ ਕਬਜ਼ੇ ਵਿਚ ਕਿਹਾ ਗਿਆ ਸੀ , ਪਰ ਆਮ ਲੋਕਾਈ ਵਿੱਚ ਤਾਂ ਅਕਾਲੀ ਦਲ ਸੀ , ਪਰਤੀਨਿਧ ਰਾਜਸੀ ਪਾਰਟੀ ਸੀ ।ਕੋਈ ਕਿਸੇ ਬਦਲ ਤੋਂ ਬਿਨਾ ਜਥੇਦਾਰਾਂ ਨੇ ਪੇਸ਼ਗੀਆਂ ਦੇ ਰਸਤੇ ਪਾ ਕੇ ਕੋਈ ਲਮਕਵੀ ਸਜਾ ਤੇ , ਕੋਈ ਦਸ ਸਾਲ ਬਾਹਰ ਦਸ ਕੇ ਕੀ, ਅਕਾਲੀ ਦਲ ਨਾਕਾਮ ਕਰ ਦਿੱਤਾ ਗਿਆ ? ਜਾਂ ਕੌਣ ਜੁਮੇਵਾਰ ਹੈ ? ।ਦਲ ਦੇ ਇਤਿਹਾਸ ਵਿੱਚ ਪਹਿਲੀ ਬਦਨਸੀਬੀ ਦੇਖੀ ਗਈ ਕਿ , ਪੰਜਾਬ ਵਿੱਚ ਜ਼ਿਮਨੀ ਚੋਣਾਂ ਵਿੱਚ ਉਮੀਦਵਾਰ ਦੇਣ ਤੋਂ ਅਸਮਰਥ ਹੋ ਨਿਬੜਿਆ ।ਜ਼ਿਮਨੀ ਚੋਣਾਂ ਵਿੱਚੋਂ ਪੰਜ ਸਿੰਘ ਸਾਹਿਬਾਨ ਨੇ ਕੌਮ ਦੀ ਤ੍ਰਾਸਦੀ ਤੇ ਕੋਈ ਪੱਖ ਜਾਂ ਆਦੇਸ਼ ਸਮੇਂ ਸਿਰ ਨਹੀਂ ਦਿੱਤਾ ਨਾ ਕਾਰਜਕਾਰੀ ਪ੍ਰਧਾਨ , ਭੂੰਦੜ ਸਾਹਿਬ ਨੂੰ ਕੋਈ ਸਮੇਂ ਸਿਰ ਹਦਾਇਤ ਦਿੱਤੀ ।ਕਾਂਗਰਸ, ਬੀ ਜੇ ਪੀ , ਆਪ ,ਪਾਰਟੀ ਤੇ ਹੋਰ ਗੈਰ ਪੰਥਕ ਧਿਰਾਂ ਨੂੰ ਖੁਲਾ ਮੌਕਾ ਮਿਲ ਗਿਆ ।ਜਦ ਵਾਗਡੋਰ ਅਜਿਹੇ ਜ਼ਿਮਨੀ ਚੋਣਾਂ ਦੀ ਜਥੇਦਾਰਾਂ ਪਾਸ ਹੀ ਰਹਿ ਗਈ ਸੀ ।ਤਦ ਅਕਾਲੀ ਦਲ ਦੀਆਂ ਵਿਰੋਧੀ ਪਾਰਟੀਆਂ ਨੂੰ ਕਿਹੜੇ ਹਿਤ ਵਿਚ ਖੁਲਾ ਮੈਦਾਨ ਛੱਡ ਕੇ , ਅਕਾਲੀ ਦਲ ਨੂੰ ਅਖੋ ਪਰੋਖੇ ਕਰ ਦਿੱਤਾ ਗਿਆ ? ਬੜਾ ਸੰਗੀਨ ਸਵਾਲ ਆਮ ਸਿੱਖਾਂ ਦਾ ਹੈ , ਜਥੇਦਾਰ ਸਾਹਿਬਾਨ ਨੂੰ ? ਕੀ ਅਕਾਲੀ ਦਲ ਫੁੱਟ ਦੇ ਚੌਰਾਹੇ ਖੜਾ ਦੇਖ ਕੇ , ਹਰਪ੍ਰੀਤ ਸਿੰਘ ਖੁਦ ਪ੍ਰਧਾਨ ਬਣਨ ਦੀ ਅਜੇ ਵੀ ਵਿਉਂਤ ਬਣਾ ਰਹੇ ਸਨ ? ਹੁਣ ਜਦ ਉਪਰੋਕਤ ਦੱਸੇ ਅਨੁਸਾਰ , ਬਾਕੀ ਪਾਰਟੀਆਂ ਨੇ ਚੋਣ ਮੈਦਾਨ ਵਿੱਚ ਆਂਪਣੇ ਉਮੀਦਵਾਰਾਂ ਲਈ ਭੋਜਨ ਪੱਕਾ ਲਿਆ ਸੀ ।ਅਕਾਲੀ ਦਲ ਬਾਦਲ ਦਲ ਦੇ ਆਗੂਆਂ ਨੇ ਵੀ ਦੁਖੀ ਹਿਰਦੇ ਨਾਲ ਚੋਣਾ ਨਾ ਲੜਨ ਦਾ ਫੈਸਲਾ ਦੇ ਦਿੱਤਾ ।ਇਸ ਦੇਰ ਤੇ ਕੁਵੇਲੇ ਸਮੇਂ ਸਿੰਘ ਸਾਹਿਬ ਰਘਬੀਰ ਸਿੰਘ ਹੋਰਾਂ ਨੇ ਨੌਮੀਨੇਸ਼ਨ ਦੇ ਆਖ਼ਰੀ ਦਿਨ , ਆਖ਼ਰੀ ਘੰਟਿਆਂ ਵਿਚ ਇਕ ਆਦੇਸ਼ ਜਾਰੀ ਕਰ ਦਿੱਤਾ , ਕਿ ਅਕਾਲੀ ਦਲ ਚੋਣਾਂ ਲੜ ਸਕਦਾ ਹੈ ।ਇਸ ਕੁਵੇਲੇ ਦੇ ਸੰਦੇਸ਼ ਨੂੰ ਭੂੰਦੜ ਵਿਚਾਰਾਂ ਕੀ ਕਰੇ ।ਇਸ ਕੁਵੇਲੇ ਦੀ ਸੱਟ ਨੇ ਉਸ ਦੀ ਉਹੀ ਹਾਲਤ ਕਰ ਛੱਡੀ ਜਿਵੇਂ " ਨਾ ਤਿੰਨਾਂ ਵਿਚ , ਨਾ ਤੇਹਰਾਂ ਵਿੱਚ" ।ਜਥੇਦਾਰ ਜੀ ਤੁਸੀ ਵੀ ਤਾਂ ਕਾਰਜਕਾਰੀ ਪ੍ਰਧਾਨ , ਦੀ ਸ਼ਖਸ਼ੀਅਤ ਰੁਲਦੀ ਵੇਖ ਲਈ । ਕੀ ਹਰਪ੍ਰੀਤ ਸਿੰਘ ਹੋਰੀਂ ਦੱਸ ਸਕਦੇ ਹਨ ਕਿ ਜਾਂ ਇਹ ਅਕਾਲ਼ੀ ਦਲ ਦੁਆਲੇ ਇਕ ਚੱਕਰ ਵਿਉ , ਕਿਸ ਨੇ ਰਚਿਆ ਕਿ ਉਹ ਖੁਦ ਪ੍ਰਧਾਨ ਬਣਨ ਦੇ ਇੱਛਕ ਸਨ ? ਜਾਂ ਇਸ ਬਾਰੇ ਸਿੰਘ ਸਾਹਿਬਾਨ ਦੀ ਕੋਈ ਸਾਂਝੀ ਸੋਚ ਹੈ ਤਾ ਗੌਰ ਕੀਤਾ ਜਾਵੇ ਕਿ ਕਿਉਂ ਅਕਾਲੀ ਦਲ ਨੂੰ ਗੈਰ ਪੰਥਕ ਤਾਕਤਾਂ ਵੱਲੋਂ ਵੀ ਖੇਰੂੰ ਖੇਰੂੰ ਕੀਤਾ ਜਾ ਰਿਹਾ ਹੈ ।ਗੁਰੂ ਗਰੰਥ ਸਾਹਿਬ ਦੀਆਂ ਬੇਅਦਬੀਆਂ, 370 ਬੀੜਾਂ ਦਾ ਗਾਇਬ ਹੋਣ ਬਾਰੇ ਜਥੇਦਾਰ ਹਰਪ੍ਰੀਤ ਸਿੰਘ ਵੱਲੋਂ ਪੜਚੋਲੀਆ ਰਿਪੋਰਟ ਨੂੰ ਜਨਤਕ ਨਾ ਕਰਨਾ , ਸਿੰਘ ਸਾਹਿਬਾ ਪਾਸ ਬੇਨਤੀ ਹੈ ਕਿ ਗੁਨਾਹ ਗਾਰ ਕੌਣ ਹੈ ?

ਆਵਾਜ਼ਿ ਕੌਮ AWAZE QAUM International Newspaper & WEB TV

### ਪੰਜਾਬੀ ਕਲਮ ਕੇਂਦਰ ਮੌਂਟਰੀਅਲ ਵੱਲੋਂ

# ਡਾ .ਸੁਰਜੀਤ ਪਾਤਰ ਸਾਹਿਬ ਨੂੰ ਸਮਰਪਿਤ 'ਲ਼ਫ਼ਜ਼ਾਂ ਦੀ ਲੋਇ' ਆਯੋਜਿਤ

**ਚੰਡੀਗੜ੍ਹ, 27 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬੀ ਕਲਮ ਕੇਂਦਰ ਮੌਂਟਰੀਅਲ ਵੱਲੋਂ ਡਾ. ਸੁਰਜੀਤ ਪਾਤਰ ਸਾਹਿਬ ਨੂੰ ਸਮਰਪਿਤ 'ਲ਼ਫ਼ਜ਼ਾਂ ਦੀ ਲੋਇ' ਆਯੋਜਿਤ ਉਹਨਾਂ ਦੀ ਕਵਿਤਾ ਵਿੱਚ ਮੌਜੂਦਗੀ ਦੇ ਅਹਿਸਾਸ ਨਾਲ ਪ੍ਰੋਗਰਾਮ "ਲ਼ਫ਼ਜ਼ਾਂ ਦੀ ਲੋਇ " ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਪਾਤਰ ਸਾਹਿਬ ਦੀ ਅਵਾਜ਼ ਵਿੱਚ ਉਹਨਾਂ ਦੀਆਂ ਨਜ਼ਮਾਂ ਨਾਲ ਮਹੌਲ ਗ਼ਮਿਆ ਗਿਆ। ਸਰੋਤਿਆਂ ਦੀਆਂ ਅੱਖਾਂ ਵਿੱਚੋਂ ਡੁੱਲਦੇ ਨੀਰ ਦਰਸਾਉਂਦੇ ਰਹੇ ਪਾਤਰ ਤੋਂ ਸੁਰਜੀਤ ਅਤੇ ਸੁਰਜੀਤ ਤੋ ਪਾਤਰ ਹੋਣ ਦੀਆਂ ਗਾਥਾਵਾਂ। 11 ਸਾਲਾ ਬੇਟੀ ਮਲਾਰ ਕੌਰ ਵੱਲੋਂ ਮਿੱਠੜੀ ਸੁਰਮਈ ਅਵਾਜ਼ ਨਾਲ ਜਗਾ ਦੇ ਮੋਮਬੱਤੀਆਂ ਦੇ ਅਲਾਪ ਉੱਤੇ ਭਰਿਆ ਇਕੱਠ ਇਕ ਜੁੱਟ ਹੋ ਗਾਉਣ ਲੱਗਾ ਤੇ ਫਿਜ਼ਾ ਆਪਣੇ ਆਪ ਹੀ ਗਾ ਉਠੀ ..

**ਇਹ ਤਾਂ ਇੱਥੇ ਵਗਦੀਆਂ ਹੀ ਰਹਿਣੀਆਂ**
**ਪੌਣਾਂ ਕੁਪੱਤੀਆਂ ,ਉੱਠ ਜਗਾ ਦੇ ਮੋਮਬੱਤੀਆਂ..**
**ਇਸੇ ਆਲਮ ਵਿੱਚ ਚੱਲਦਿਆਂ ਜੋ ਸ਼ਮਾਂ ਰੌਸ਼ਨ ਹੋਈ**





ਉਹ ਤਿੰਨ ਘੰਟੇ ਦੇ ਪ੍ਰੋਗਰਾਮ ਤੋਂ ਬਾਅਦ ਵੀ ਸਰੋਤਿਆਂ ਦੇ ਦਿਲਾਂ ਵਿੱਚ ਜਗਦੀ ਰਹੇਗੀ। ਮੰਚ ਦੀ ਸੰਚਾਲਤਾ ਨਿਭਾਉਂਦਿਆਂ ਗੁਰਿੰਦਰਜੀਤ ਅਤੇ ਮੋਹਣਪ੍ਰੀਤ ਪੱਤੜ ਨੇ ਬਹੁਤ ਕਾਵਿਕ ਮਹੌਲ ਸਿਰਜਿਆ। ਜਤਿੰਦਰ ਜਿੰਮੀ ਦੀ ਸੁਰਮਈ ਪੇਸ਼ਕਾਰੀ ਤੋ ਬਾਅਦ ਹਰਜਿੰਦਰ ਹੈਰੀ ਵੱਲੋਂ ਗ਼ਜ਼ਲ ਅਤੇ ਲਖਵੀਰ ਸਿੰਘ ਰੰਧਾਵਾ ਵੱਲੋਂ ਪਿੰਡਾਂ ਦੀ ਰੂਹਦਾਰੀ ਨਾਲ ਭਿੱਜੀਆਂ ਕਵਿਤਾਵਾਂ ਪੜ੍ਹੀਆਂ ਗਈਆਂ। ਅਰਵਿੰਦਰ ਰੋਮੀ ਹੁਰਾਂ ਜਦ ਤਰੰਨਮ ਵਿੱਚ ਗ਼ਜ਼ਲ ਗਾਈ ਤਾਂ ਮਹੌਲ ਹੋਰ ਦਾ ਹੋਰ ਹੀ ਹੋ ਗਿਆ। ਸੁਖਵਿੰਦਰ ਜੂਤਲਾ ਹੁਰਾਂ ਦੀ ਸਾਦਗੀ ਭਰੀ ਨਜ਼ਮ ਪਿੱਛੋਂ ਖਾਲਿਦ ਮਹਿਮੂਦ ਦੀ ਬੁਲੰਦ ਅਵਾਜ਼ ਨੇ ਜੋ ਸੂਫ਼ੀ ਰੰਗ ਛੂਹਿਆ ਤਾਂ ਸਰੋਤਿਆਂ ਦੀ ਸੁਰਤ ਖੁੱਲੇ ਅਸਮਾਨ ਉਡਾਰੀਆਂ ਭਰਨ ਲੱਗੀ। ਇਸੇ ਮਹੌਲ ਵਿੱਚ ਪੰਜਾਬੀ ਕਲਮ ਕੇਂਦਰ ਨੇ ਬੜੇ ਮਾਣ ਨਾਲ ਸੁਰਜੀਤ ਸਿੰਘ ਪਾਹਵਾ ਵੱਲੋਂ ਲਿਖੀ ਕਿਤਾਬ" ਠਹਿਰਾਉ " ਅਤੇ ਗੁਰਿੰਦਰਜੀਤ ਵੱਲੋਂ ਲਿਖੀ " ਬਰਫ਼ ਚ ਉੱਗੇ ਅਮਲਤਾਸ " ਦੋਨੋ ਸਥਾਨਿਕ ਕਵੀਆਂ ਦੀਆਂ ਕਿਤਾਬਾਂ ਲੋਕ ਅਰਪਣ ਕੀਤੀਆਂ ਜਾਣ ਉਪਰੰਤ ਸੁਰਜੀਤ ਪਾਹਵਾ ਜੀ ਨੇ ਠਹਿਰਾਉ ਦੇ ਪਲ ਸਰੋਤਿਆਂ ਨਾਲ ਸਾਂਝੇ ਕੀਤੇ ਅਤੇ ਗੁਰਿੰਦਰਜੀਤ ਵੱਲੋਂ ਬਰਫ਼ ਚ ਉੱਗੇ ਅਮਲਤਾਸ ਦੀਆਂ ਵੰਨਗੀਆਂ ਸੁਣਾਈਆਂ ਗਈਆਂ। ਸੁਰਿੰਦਰਪਾਲ ਸਿੰਘ ਦੀ ਬੁਲੰਦ ਅਵਾਜ਼ ਨਾਲ ਗਾਈ ਕਵਿਤਾ ਪਿੱਛੋਂ ਲਹਿੰਦੇ ਪੰਜਾਬ ਦਾ ਰੰਗ ਸ਼ੋਇਬ ਸਾਦਿਕ ਵੱਲੋਂ ਨਜ਼ਮ ਦੇ ਰੂਪ ਵਿੱਚ ਪੇਸ਼ ਕੀਤਾ ਗਿਆ। ਤਾਰਿਆਂ ਨਾਲ ਬਾਤਾਂ ਪਾਉਣ ਵਾਲੇ ਨੌਜਵਾਨ ਕਵੀ ਅਮਨ ਵੱਲੋਂ ਮਾਂ ਦੇ ਪਿਆਰ ਨਾਲ ਭਿੱਜੀ ਕਵਿਤਾ ਪੜ੍ਹੀ ਗਈ। ਚੜ੍ਹਦੀ ਉਮਰ ਦੇ ਕਵੀ ਦੀਪਇੰਦਰ ਸਿੱਧੂ ਵੱਲੋਂ ਤਰੰਨਮ ਵਿੱਚ ਗਾਈ ਪਾਤਰ ਸਾਹਿਬ ਦੀ ਗ਼ਜ਼ਲ ਦੇ ਨਾਲ ਨਾਲ ਆਪਣੀ ਲਿਖਤ ਵੀ ਸਾਂਝੀ ਕੀਤੀ। ਹਰਜਿੰਦਰ ਸਿੰਘ ਪੱਤੜ ਅਤੇ ਸਤਿਨਾਮ ਸਿੰਘ ਕੋਮਲ ਹੋਰਾਂ ਬਹੁਤ ਹੀ ਭਾਵੁਕ ਹੋ ਪਾਤਰ ਸਾਹਿਬ ਲਈ ਕਵਿਤਾਵਾਂ ਪੜ੍ਹਦਿਆਂ ਆਪਣੀ ਹਾਜ਼ਰੀ ਲਗਵਾਈ। ਮਨਜੀਤ ਚਾਤ੍ਰਿਕ ਵੱਲੋਂ ਇਸ ਸ਼ਾਮ ਦੀ ਆਖ਼ਰੀ ਕਵਿਤਾ ਸ਼ੁਕਰ ਸ਼ੁਕਰ ਸ਼ੁਕਰ ਸੁੱਖ ਸਾਗਰ. ਪੜ੍ਹੀ ਗਈ। ਨੀਤੂ ਸ਼ਰਮਾਂ ਅਤੇ ਗੌਰਵ ਸ਼ਰਮਾਂ ਦੇ ਸਾਥੀਆਂ ਵੱਲੋਂ ਅਜੋਕੇ ਸਮੇਂ ਦੀਆਂ ਘਟਨਾਵਾਂ ਤੇ ਇੱਕ ਨਾਟਕ ਵੀ ਖੇਡਿਆ ਗਿਆ। ਡਾ ਸੁਰਜੀਤ ਪਾਤਰ ਸਾਹਿਬ ਨੂੰ ਸਮਰਪਿਤ ਹੁੰਦਿਆਂ ਪੰਜਾਬੀ ਸਾਹਿਤ ਨਾਲ ਚੱਲਦੇ ਆਪਣੇ ਇਸ ਸਫ਼ਰ ਦੇ 13ਵੇਂ ਉਪਰਾਲੇ "ਲ਼ਫ਼ਜ਼ਾਂ ਦੀ ਲੋਇ " ਇਕ ਚੰਗੀ ਸੁਹਿਰਦ ਸਾਹਿਤਕ ਸੋਚ ਦੇ ਅਹਿਦ ਨਾਲ ਸੰਪੂਰਨ ਹੋਇਆ।

ਆਵਾਜ਼ਿ ਕੌਮ AWAZE QAUM International Newspaper & WEB TV

# ਹਲਕਾ ਅਟਾਰੀ ਦੇ ਵਿਕਾਸ ਕਾਰਜ ਹੋਣਗੇ ਜੰਗੀ ਪੱਧਰ 'ਤੇ : ਰਮਦਾਸ



**ਚੌਕ ਮਹਿਤਾ, 27 ਅਕਤੂਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)**- ਹਲਕਾ ਅਟਾਰੀ ਗ੍ਰਾਮ ਪੰਚਾਇਤਾਂ ਦੀਆਂ ਹੋਈਆਂ ਸ਼ਾਨਦਾਰ ਜਿੱਤਾਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀਆਂ ਚੰਗੀਆਂ ਨੀਤੀਆਂ ਕਾਰਨ ਹੋਈ ਹੈ। ਇਹ ਵਿਚਾਰ ਆਮ ਪਾਰਟੀ ਦੇ ਜੁਝਾਰੂ ਨੌਜਵਾਨ ਰਾਵਲ ਮਾਹਲ ਦੀ ਅਗਵਾਈ ਹੇਠ ਰੱਖੀ ਗਈ ਮੀਟਿੰਗ ਦੌਰਾਨ ਹਲਕਾ ਅਟਾਰੀ ਵਿਧਾਇਕ ਜਸਵਿੰਦਰ ਸਿੰਘ ਰਮਦਾਸ ਪ੍ਰੈਸ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ ਉਹਨਾਂ ਕਿਹਾ ਕਿ ਜਿੱਥੇ ਪੰਚਾਇਤਾਂ ਦੀ ਇਤਿਹਾਸਿਕ ਜਿੱਤ ਹੋਈ ਹੈ ਉਥੇ ਕਾਰਪੋਰੇਸ਼ਨ ਬਲਾਕ ਸੰਮਤੀ ਅਤੇ ਜਿਲ੍ਹਾ ਪਰਿਸ਼ਦ ਚੋਣਾਂ ਵਿੱਚ ਵੀ ਇਤਿਹਾਸਿਕ ਜਿੱਤ ਪ੍ਰਾਪਤ ਹੋਵੇਗੀ ਪਿੰਡ ਮਾਹਲ ਦੇ ਵਿਕਾਸ ਕਾਰਜਾਂ ਬਾਰੇ ਬੋਲਦਿਆਂ ਕਿਹਾ ਕਿ ਜਿੱਥੇ ਪੀਰ ਬਾਬਾ ਜਾਗੋਆਣਾ ਸੜਕ ਦਾ ਬੀਤੇ ਕਈ ਮਹੀਨੇ ਪਹਿਲਾਂ ਨਿਰਮਾਣ ਕਰਵਾਇਆ ਗਿਆ ਸੀ ਉੱਥੇ ਜਲਦ ਪਿੰਡ ਦੀਆਂ ਵੱਖ ਵੱਖ ਗਲੀਆਂ ਵਿੱਚ ਇੰਟਰਲੋਕਿੰਗ ਟਾਈਲਾਂ ਲਗਾਉਣ ਦਾ ਕੰਮ ਸ਼ੁਰੂ ਹੋਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਚਿੱਟੇ ਵਾਲੇ ਮੁੱਦੇ ਤੇ ਛੇਤੀ ਲਿਆ ਹੋਇਆ ਫੈਸਲਾ ਕਿਸੇ ਘਰ ਦਾ ਚਿਰਾਗ ਬੁਝਣੋਂ ਬਚਾ ਸਕਦਾ ਹੈ ?

ਇੱਕ ਵੀਡੀਓ ਦੇ ਮੁਤਾਬਕ ਸਰਪੰਚੀ ਵੋਟਾਂ ਤੋਂ ਇੱਕ ਦਿਨ ਪਹਿਲਾਂ ਨੌਜਵਾਨ ਚੜਿਆ ਸੀ ਚਿੱਟੇ ਦੀ ਭੇਟ ਜੇ ਪੰਚਾਇਤ ਅੱਜ ਮਤਾ ਪਾਉਂਦੀ ਹੈ ਨਸ਼ੇ ਦੀ ਰੋਕਥਾਮ ਲਈ ਸੀਸੀਟੀਵੀ ਲਗਵਾਉਣ ਵਾਸਤੇ ਹੋ ਸਕਦਾ ਛੇ ਮਹੀਨੇ ਲੰਘ ਜਾਣ ਪੰਚਾਇਤ ਨੂੰ ਪੈਸੇ ਮਿਲਣ ਤੱਕ ਧਾਰਮਿਕ ਗ੍ਰੰਥਾਂ ਦੇ ਮੁਤਾਬਕ ਮਨੁੱਖਾ ਜੀਵਨ 84 ਲੱਖ ਜੂਨੀ ਤੋਂ ਬਾਅਦ ਪ੍ਰਾਪਤ ਹੁੰਦਾ ਹੈ ।ਜੇ ਮਸਲਾ ਕਿਸੇ ਦੀ ਜ਼ਿੰਦਗੀ ਤੇ ਮੌਤ ਦਾ ਹੋਵੇ ਤੇ ਉਹਦੇ ਵਿੱਚ ਵੀ ਆਪਾਂ ਇਹ ਕਹਿੰਦੇ ਰਹੀਏ ਕਿ ਤਿੰਨ ਮਹੀਨੇ ਬਾਅਦ ਗੱਲ ਕਰੋ ਛੇ ਮਹੀਨਿਆਂ ਬਾਅਦ ਗੱਲ ਕਰੋ ? ਪੁੱਤਾਂ ਦੇ ਜਾਣ ਦਾ ਦੁੱਖ ਕੀ ਹੁੰਦਾ ਇਹਨਾਂ ਗੱਲਾਂ ਨੂੰ ਸਮਝਣ ਲਈ ਉਹਨਾਂ ਮਾਵਾਂ ਦੇ ਕੋਲ ਬਹਿ ਕੇ ਉਹਨਾਂ ਦਾ ਦਰਦ ਸਮਝਣ ਦੀ ਜਰੂਰਤ ਆ ਜਿਨਾਂ ਦੇ ਪੁੱਤ ਨਸ਼ੇ ਦੇ ਕਾਰਨ ਸੰਸਾਰ ਤੋਂ ਚਲੇ ਗਏ ।ਪਰਮਾਤਮਾ ਨਾ ਕਰੇ ਛੇ ਮਹੀਨਿਆਂ ਦੇ ਟਾਈਮ ਦੇ ਵਿੱਚ ਕੋਈ ਹੋਰ ਨੌਜਵਾਨ ਚਿੱਟੇ ਦੀ ਭੇਟ ਚੜ ਗਿਆ ।ਫਿਰ ਸਿਰਫ ਭੋਗ ਤੇ ਬਹਿ ਕੇ ਗੱਲਾਂ ਕਰਨ ਤੋਂ ਸਿਵਾਏ ਹੋਰ ਕੋਈ ਗੱਲ ਨਹੀਂ ਬਚ ਜਾਦੀ ।ਜਰੂਰੀ ਹੁੰਦਾ ਸਮਾਂ ਰਹਿੰਦਿਆਂ, ਹੋਣ ਤੋਂ ਪਹਿਲਾਂ ਕਿਸੇ ਵੀ ਮਸਲੇ ਤੇ ਵਿਚਾਰ ਕਰਕੇ ਉਸ ਦੀ ਗੰਭੀਰਤਾ ਨੂੰ ਸਮਝਦੇ ਹੋਏ ਉਸ ਮਸਲੇ ਤੇ ਫੈਸਲਾ ਲਿਆ ਜਾਵੇ ।ਜੇ ਪੰਚਾਇਤ ਅੱਜ ਮਤਾ ਪਾਉਂਦੀ ਹੈ ਨਸ਼ੇ ਦੀ ਰੋਕਥਾਮ ਲਈ ਸੀਸੀਟੀਵੀ ਲਗਵਾਉਣ ਵਾਸਤੇ ਹੋ ਸਕਦਾ ਛੇ ਮਹੀਨੇ ਲੰਘ ਜਾਣ ਪੰਚਾਇਤ ਨੂੰ ਪੈਸੇ ਮਿਲਣ ਤੱਕ ਪਿੰਡ ਦੀ ਪੰਚਾਇਤ ਵੀ ਸਰਕਾਰੀ ਤੌਰ ਤੇ ਕਿਸੇ ਪ੍ਰੋਸੈਸ ਦਾ ਹਿੱਸਾ ਹੈ ।ਜਿਸ ਮਸਲੇ ਤੇ ਕਿਸੇ ਦੀ ਜਾਨ ਤੇ ਬਣ ਰਹੀ ਹੋਵੇ ਉਸ ਮਸਲੇ ਤੇ ਵੀ ਉਡੀਕ ਕਰਨਾ ਇਹ ਮੰਨ ਕੇ ਚੱਲੀਏ ਕਿ ਆਪਾਂ ਇਸ ਮਸਲੇ ਤੇ ਗੰਭੀਰ ਨਹੀਂ ਹਾਂ ।ਜੇ ਅੱਜ ਵੀ ਇਸ ਮਸਲੇ ਤੇ ਪੰਚਾਇਤ ਕੋਈ ਫੈਸਲਾ ਲੈਂਦੀ ਹੈ ਤਾਂ ਵੀ ਹੋ ਸਕਦਾ ਲੰਬਾ ਸਮਾਂ ਫਾਈਲਾਂ ਸਿਸਟਮ ਦੇ ਵਿੱਚ ਘੁੰਮਦੀਆਂ ਰਹਿਣ ।ਨਸ਼ੇ ਦੀ ਰੋਕਥਾਮ ਲਈ ਸੀਸੀਟੀਵੀ ਲਾਉਣ ਦੇ ਪ੍ਰਸਤਾਵ ਤੇ ਜਦੋਂ ਮੈਂ ਪਿੰਡ ਦੇ ਲੋਕਾਂ ਤੋਂ ਵਿਚਾਰ ਜਾਣਨ ਦੀ ਕੋਸ਼ਿਸ਼ ਕੀਤੀ ਤਾ ਪਿੰਡ ਦੇ ਅੱਧ ਤੋਂ ਵੱਧ ਲੋਕਾਂ ਨੇ ਇਸ ਮਸਲੇ ਤੇ ਗੰਭੀਰਤਾ ਦਿਖਾਉਂਦੇ ਹੋਏ ਕਿਹਾ ਕਿ ਪੰਚਾਇਤ ਨੂੰ ਇਸ ਮਸਲੇ ਤੇ ਜਰੂਰ ਜਲਦੀ ਕੋਈ ਪ੍ਰਸਤਾਵ ਲੈ ਕੇ ਆਉਣਾ ਚਾਹੀਦਾ ਹੈ ।ਪਿੰਡ ਦੇ ਅੱਧ ਤੋਂ ਵੱਧ ਜਿਆਦਾ ਲੋਕਾਂ ਦੇ ਨਸ਼ੇ ਦੀ ਰੋਕਥਾਮ ਲਈ ਸੀਸੀਟੀਵੀ ਲਗਵਾਉਣ ਦਾ ਸਮਰਥਨ ਕਰਨ ਦੇ ਬਾਵਜੂਦ ਵੀ ਲੋਕਾਂ ਵੱਲੋਂ ਚੁਣੇ ਪਿੰਡ ਦੇ ਮੁਖੀ ਦਾ ਕੋਈ ਵੀ ਵਿਚਾਰ ਨਾ ਦੇਣਾ ਬਹੁਤ ਨਿਰਾਸ਼ਾਜਨਕ ਹੈ।

**-ਪਰਗਟ ਸਿੰਘ ਬਲਬੇੜਾ, 9022000070**

ਆਵਾਜ਼ਿ ਕੌਮ AWAZE QAUM International Newspaper & WEB TV

# ਖ਼ਾਲਿਸਤਾਨੀ ਜੁਝਾਰੂ ਸ਼ਹੀਦ ਜਥੇਦਾਰ ਰੇਸ਼ਮ ਸਿੰਘ ਵਰਿਆਹ ਬੱਬਰ ਦਾ ਸ਼ਹੀਦੀ ਸਮਾਗਮ 29 ਨੂੰ : ਭਾਈ ਰਣਜੀਤ ਸਿੰਘ/ਬੀਬੀ ਕੁਲਬੀਰ ਕੌਰ




**ਅੰਮ੍ਰਿਤਸਰ, 27 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਵੀਹਵੀਂ ਸਦੀ ਦੇ ਮਹਾਨ ਸਿੱਖ, ਜਰਨੈਲਾਂ ਦੇ ਜਰਨੈਲ ਅਤੇ ਦਮਦਮੀ ਟਕਸਾਲ ਦੇ ਚੌਦ੍ਹਵੇਂ ਮੁਖੀ ਸ੍ਰੀ ਮਾਨ ਸੰਤ ਗਿਆਨੀ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਵੱਲੋਂ ਕੌਮੀ ਘਰ ਖ਼ਾਲਿਸਤਾਨ ਦੇ ਅਰੰਭੇ ਹਥਿਆਰਬੰਦ ਸੰਘਰਸ਼ ਵਿੱਚ ਜੂਝ ਕੇ ਸ਼ਹਾਦਤ ਦਾ ਜਾਮ ਪੀਣ ਵਾਲ਼ੇ ਬੱਬਰ ਖ਼ਾਲਸਾ ਦੇ ਜੁਝਾਰੂ ਸ਼ਹੀਦ ਭਾਈ ਰੇਸ਼ਮ ਸਿੰਘ ਵਰਿਆਹ ਦਾ ਸ਼ਹੀਦੀ ਦਿਹਾੜਾ ਮਿਤੀ 29 ਅਕਤੂਬਰ ਨੂੰ ਪਿੰਡ ਵਰਿਆਹ, ਨੇੜੇ ਮਖੂ, ਜ਼ਿਲ੍ਹਾ ਫ਼ਿਰੋਜ਼ਪੁਰ ਵਿਖੇ ਖ਼ਾਲਸਾਈ ਸ਼ਾਨੋ-ਸ਼ੌਕਤ ਨਾਲ਼ ਮਨਾਇਆ ਜਾਵੇਗਾ। ਇਹ ਜਾਣਕਾਰੀ ਸਾਂਝੀ ਕਰਦਿਆਂ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਸ਼ਹੀਦ ਭਾਈ ਰੇਸ਼ਮ ਸਿੰਘ ਵਰਿਆਹ ਦੀ ਸੁਪਤਨੀ ਬੀਬੀ ਕੁਲਬੀਰ ਕੌਰ ਨੇ ਕਿਹਾ ਕਿ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਾਗੀ, ਢਾਡੀ, ਕਵੀਸ਼ਰ, ਕਥਾਵਾਚਰਕ ਤੇ ਪ੍ਰਚਾਰਕ ਹਰ ਜਸ ਅਤੇ ਸ਼ਹੀਦਾਂ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ ਤੇ ਪੰਥਕ ਆਗੂ ਵੀ ਸਿੱਖ ਸੰਘਰਸ਼ ਅਤੇ ਅਜੋਕੇ ਹਲਾਤਾਂ ਸੰਬੰਧੀ ਵਿਚਾਰ ਸਾਂਝੇ ਕਰਨਗੇ। ਉਹਨਾਂ ਦੱਸਿਆ ਕਿ ਸ਼ਹੀਦ ਭਾਈ ਰੇਸ਼ਮ ਸਿੰਘ ਜਿਨ੍ਹਾਂ ਨੇ ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਸੈਂਕੜੇ ਜੁਝਾਰੂ ਐਕਸ਼ਨ ਕੀਤੇ ਤੇ ਕੌਮ ਦੀ ਅਥਾਹ ਸੇਵਾ ਨਿਭਾਉਂਦਿਆਂ ਆਪਣਾ ਆਪਾ ਖ਼ਾਲਸਾ ਪੰਥ ਤੇ ਦੇਸ਼ ਪੰਜਾਬ ਦੇ ਲੇਖੇ ਲਾ ਦਿੱਤਾ। ਬੀਬੀ ਕੁਲਬੀਰ ਕੌਰ ਜੀ ਅਤੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਸਮੂਹ ਸਿੱਖ ਸੰਗਤਾਂ ਨੂੰ ਵੱਧ-ਚੜ੍ਹ ਕੇ ਸ਼ਹੀਦੀ ਸਮਾਗਮ ਵਿੱਚ ਪੁੱਜਣ ਦੀ ਅਪੀਲ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਗੁਰਬਾਣੀ ਲੜੀਵਾਰ ਕਥਾ ਵਿਆਖਿਆ ਦੀ ਹਾਜ਼ਰੀ ਭਰੀ

## 'ਯੂਨੀਵਰਸਲ ਪੀਸ ਫੈਡਰੇਸ਼ਨ' ਵਲੋਂ ਜਥੇਦਾਰ ਦਾਦੂਵਾਲ ਜੀ ਨੂੰ "ਅੰਬੈਸਡਰ ਆਫ ਪੀਸ" ਨਿਯੁਕਤ ਕਰਨ 'ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ









ਗੁਰਦੁਆਰਾ ਸਾਹਿਬ ਪਾਤਸ਼ਾਹੀ ਦਸਵੀਂ ਨਾਢਾ ਸਾਹਿਬ ਪੰਚਕੂਲਾ ਵਿਖੇ ਅੱਜ ਗੁਰਬਾਣੀ ਲੜੀਵਾਰ ਕਥਾ ਵਿਆਖਿਆ ਦੀ ਹਾਜ਼ਰੀ ਭਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਅਤੇ ਲੀਗਲ ਵਿੰਗ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਯੂ. ਐਨ. ਓ. ਤੋਂ ਮਾਨਤਾ ਪ੍ਰਾਪਤ ਵਰਲਡ ਵਾਈਡ ਸੰਸਥਾ 'ਯੂਨੀਵਰਸਲ ਪੀਸ ਫੈਡਰੇਸ਼ਨ' ਵਲੋਂ ਜਥੇਦਾਰ ਦਾਦੂਵਾਲ ਜੀ ਨੂੰ "ਅੰਬੈਸਡਰ ਆਫ ਪੀਸ" ਨਿਯੁੱਕਤ ਕਰਨ ਤੇ ਗੁਰਦੁਆਰਾ ਨਾਢਾ ਸਾਹਿਬ ਦਫ਼ਤਰ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ।



ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

1984 ਦੇ ਸਿੱਖ ਕਤਲੇਆਮ ਦੀ 40ਵੀਂ ਵਰ੍ਹੇਗੰਢ ਕਾਰਣ ਦਿੱਲੀ ਗੁਰਦੁਆਰਾ ਕਮੇਟੀ ਬੰਦੀ ਛੋੜ ਦਿਵਸ/ਦੀਵਾਲੀ 'ਤੇ

# ਗੁਰਦੁਆਰਾ ਸਾਹਿਬਾਨ ਵਿਚ ਨਹੀਂ ਕਰੇਗੀ ਦੀਪਮਾਲਾ



**ਨਵੀਂ ਦਿੱਲੀ, 27 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਐਲਾਨ ਕੀਤਾ ਹੈ ਕਿ ਇਸ ਸਾਲ ਬੰਦੀ ਛੋੜ ਦਿਵਸ ਅਤੇ ਦੀਵਾਲੀ ਦੇ ਮੌਕੇ 'ਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਬੰਧ ਅਧੀਨ ਗੁਰੂ ਘਰਾਂ ਵਿਚ ਦੀਪਮਾਲਾ ਨਹੀਂ ਕੀਤੀ ਜਾਵੇਗੀ। ਅੱਜ ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਹਰ ਸਾਲ 31 ਅਕਤੂਬਰ ਤੋਂ 2 ਨਵੰਬਰ ਤੱਕ ਅਸੀਂ 1984 ਦੇ ਸਿੱਖ ਕਤਲੇਆਮ ਦੇ ਸ਼ਹੀਦਾਂ ਨੂੰ ਨਮਨ ਕਰਦੇ ਹਾਂ ਤੇ ਸ਼ਰਧਾਂਜਲੀ ਭੇਟ ਕਰਦੇ ਹਾਂ। ਉਹਨਾਂ ਕਿਹਾ ਕਿ ਇਸ ਸਾਲ ਬੰਦੀ ਛੋੜ ਦਿਵਸ ਅਤੇ ਦੀਵਾਲੀ ਦਾ ਤਿਓਹਾਰ ਇਹਨਾਂ ਦਿਨਾਂ ਵਿਚ ਆ ਗਿਆ ਹੈ। ਉਹਨਾਂ ਕਿਹਾ ਕਿ ਇਸ ਲਈ ਅਸੀਂ ਫੈਸਲਾ ਲਿਆ ਹੈ ਕਿ ਗੁਰਦੁਆਰਾ ਕਮੇਟੀ ਦੇ ਗੁਰੂ ਘਰਾਂ ਵਿਚ ਦੀਪਮਾਲਾ ਨਹੀਂ ਕੀਤੀ ਜਾਵੇਗੀ। ਉਹਨਾਂ ਨੇ ਸੰਗਤ ਨੂੰ ਵੀ ਅਪੀਲ ਕੀਤੀ ਹੈ ਕਿ ਉਹ 1984 ਦੇ ਸਿੱਖ ਕਤਲੇਆਮ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਆਪੋ ਆਪਣੇ ਘਰ ਵਿਚ ਵੀ ਦੀਪਮਾਲਾ ਨਾ ਕਰਨ। ਉਹਨਾਂ ਕਿਹਾ ਕਿ ਸਾਨੂੰ ਆਪਣੇ ਸ਼ਹੀਦਾਂ ਨੂੰ ਨਮਨ ਕਰਨਾ ਬਹੁਤ ਜ਼ਰੂਰੀ ਹੈ ਤੇ ਇਸ ਵਾਸਤੇ ਇਹ ਫੈਸਲਾ ਲਿਆ ਗਿਆ ਹੈ।

ਸਵਾਮੀ ਵਿਵੇਕਾਨੰਦ ਐਜੂਕੇਸ਼ਨ ਰਿਸਰਚ ਸੈਂਟਰ ਮੁੰਬਈ ਵੱਲੋਂ ਕਰਵਾਏ ਗਏ

# ਰਾਜਭਾਸ਼ਾ ਹਿੰਦੀ ਉਲੰਪੀਆਡ ਪ੍ਰੋਗਰਾਮ 'ਚ 440 ਬੱਚਿਆਂ ਚੋਂ 417 ਬੱਚੇ ਰਹੇ ਜੇਤੂ




**ਜੰਡਿਆਲਾ ਗੁਰੂ, 27 ਅਕਤੂਬਰ ( ਕੁਲਵੰਤ ਸਿੰਘ ਵਿਰਦੀ)**-ਸੇਟ ਸੋਲਜਰ ਇਲੀਟ ਕਨਵੈਂਟ ਸਕੂਲ ਜੰਡਿਆਲਾ ਗੁਰੂ ਵਿੱਚ ਸਵਾਮੀ ਵਿਵੇਕਾਨੰਦ ਐਜੂਕੇਸ਼ਨ ਰਿਸਰਚ ਸੈਂਟਰ ਮੁੰਬਈ ਵੱਲੋਂ ਰਾਜਭਾਸ਼ਾ ਹਿੰਦੀ ਉਲੰਪੀਆਡ ਦਾ ਪ੍ਰੋਗਰਾਮ ਕਰਵਾਇਆ ਗਿਆ। ਇਸ ਵਿੱਚ ਸਕੂਲ ਦੇ ਲਗਭਗ 440 ਬੱਚਿਆਂ ਨੇ ਭਾਗ ਲਿਆ ਇਹਨਾਂ ਵਿੱਚੋਂ 417 ਬੱਚਿਆਂ ਨੂੰ ਪੁਰਸਕਾਰ ਦੇ ਤੌਰ ਤੇ ਜੇਤੂ ਸਰਟੀਫਿਕੇਟ ਦਿੱਤੇ ਗਏ ਅਤੇ ਬਾਕੀ ਜੇਤੂ ਬੱਚਿਆਂ ਨੂੰ ਪੁਰਸਕਾਰ ਵਜੋਂ ਮੈਡਲ ਅਤੇ ਪਰਮਾਣ ਪੱਤਰ ਦਿੱਤੇ ਗਏ। ਬੱਚਿਆਂ ਦਾ ਸਹੀ ਮਾਰਗ ਦਰਸ਼ਕ ਕਰਨ ਵਾਸਤੇ ਅਤੇ ਉਹਨਾਂ ਨੂੰ ਹਿੰਦੀ ਓਲੰਪੀਆਰਡ ਵਿਚ ਭਾਗ ਲੈਣ ਲਈ ਪ੍ਰੇਰਨਾ ਦੇਣ ਦੇ ਵਾਸਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਮਰਪ੍ਰੀਤ ਕੌਰ ਜੀ ਨੂੰ ਆਦਰਸ਼ ਪ੍ਰਿੰਸੀਪਲ ਅਵਾਰਡ ਪੁਰਸਕਾਰ ਅਤੇ ਪਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆਇਸੇ ਤਰ੍ਹਾਂ ਸੈਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਨੂੰ ਇੱਕ ਆਦਰਸ਼ ਸਕੂਲ ਦਾ ਐਵਾਰਡ ਅਤੇ ਪ੍ਰਮਾਣ ਪੱਤਰ ਦਿੱਤਾ ਗਿਆ। ਸੰਸਥਾ ਵੱਲੋਂ ਸਕੂਲ ਦੇ ਹਿੰਦੀ ਅਧਿਆਪਕ ਸ੍ਰੀਮਤੀ ਅੰਜਨਾ ਰਾਣੀ ਨੂੰ ਵੀ ਪਰਮਾਣ ਪੱਤਰ ਅਤੇ ਆਦਰਸ਼ ਅਧਿਆਪਕ ਦੇ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਇਸ ਮੌਕੇ ਤੇ ਸਕੂਲ ਦੇ ਮੈਨੇਜ ਡਾਰੈਕਟਰ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਜੀ ਨੇ ਕਿਹਾ ਕਿ ਬੱਚਿਆਂ ਨੂੰ ਇਸ ਤਰ੍ਹਾਂ ਦੀਆਂ ਪ੍ਰੀਖਿਆਵਾਂ ਵਿਚ ਭਾਗ ਲੈਣਾ ਚਾਹੀਦਾ ਹੈ ਤਾਂ ਕਿ ਉਸ ਸਮੇਂ ਦੇ ਹਾਣੀ ਬਣ ਕੇ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰਨ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਅਮਰਪ੍ਰੀਤ ਕੌਰ ਜੀ ਨੇ ਸਾਰੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੇ ਅਧਿਆਪਕਾਂ ਸ੍ਰੀਮਤੀ ਅੰਜਨਾ ਰਾਣੀ ਜੀ,ਸ਼੍ਰੀਮਤੀ ਸ਼ੈਲਜਾ, ਸ਼੍ਰੀਮਤੀ ਦੀਪਿਕਾ ਜੀ, ਸ਼੍ਰੀਮਤੀ ਮੀਨੂ ਸ਼ਰਮਾ ਜੀ, ਸ੍ਰੀਮਤੀ ਰਿਪਨ ਸੁੰਦਰ ਜੀ, ਅਤੇ ਮੀਨੂ ਗਿੱਲ ਜੀ ਦੀ ਮਿਹਨਤ ਨੂੰ ਸਰਾਇਆ। ਅਤੇ ਅੱਗੇ ਤੋਂ ਹੋਰ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ ਮੈਡਲ ਪ੍ਰਾਪਤ ਕਰਨ ਵਾਲੇ ਬੱਚਿਆਂ ਵਿੱਚ ਗੁਰਪ੍ਰੀਤ ਸਿੰਘ ਫਸਟ ਕਲਾਸ, ਗੁਰਨੂਰ ਸਿੰਘ ਹਰਦੇਵ ਸਿੰਘ ਹਰ ਗੁਰਮੀਤ ਕੌਰ ਦੂਸਰੀ ਕਲਾਸ, ਐਸ਼ਮੀਤ ਕੌਰ ਸ਼ਿਵਪ੍ਰੀਤ ਕੌਰ ਤੀਸਰੀ ਕਲਾਸ, ਅਵਲੀਨ ਕੌਰ ਰਮਨਜੋਤ ਕੌਰ ਗੁਨ ਤਾਜ ਪ੍ਰੀਤ ਕੌਰ ਚੌਥੀ ਕਲਾਸ, ਮਨਪ੍ਰੀਤ ਸਿੰਘ ਇਛਾਰੀਤ ਕੌਰ ਪੰਜਵੀਂ ਕਲਾਸ, ਪਰਨੀਤ ਕੌਰ ਮਨਸੀਰਤ ਕੌਰ ਛੇਵੀਂ ਕਲਾਸ, ਦਮਨਪ੍ਰੀਤ ਕੌਰ ਹਰਸ਼ਪ੍ਰੀਤ ਕੌਰ ਸੁਖਮਨਪ੍ਰੀਤ ਕੌਰ ਸੱਤਵੀਂ ਕਲਾਸ, ਸੁਖਮਨਜੀਤ ਕੌਰ ਅੱਠਵੀਂ ਕਲਾਸ ਨੂੰ ਮੈਡਲ ਅਤੇ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆਇਸ ਮੌਕੇ ਤੇ ਸਕੂਲ ਦੇ ਵਾਈਸ ਪ੍ਰਿੰਸੀਪਲ ਸ੍ਰੀਮਤੀ ਗੁਰਪ੍ਰੀਤ ਕੌਰ ਜੀ ਸ਼ਿਲਪਾ ਸ਼ਰਮਾ ਕੋਆਰਡੀਨੇਟਰ ਨੀ ਲਾਕਸ਼ੀ ਸ਼ਰਮਾ ਕੋਆਰਡੀਨੇਟਰ ਪ੍ਰਿਅੰਕਾ ਸ਼ਰਮਾ ਕੋਡੀਨੇਟਰ ਸਮੂਹ ਬੱਚੇ ਅਤੇ ਸਟਾਫ ਹਾਜ਼ਰ ਸਨ।

# ਹਸਨਪੁਰ ਦੀ ਸਰਪੰਚ ਅਤੇ ਨਗਰ ਪੰਚਾਇਤ ਵੱਲੋਂ ਸੁਖਮਨੀ ਸਾਹਿਬ ਦੇ ਜਾਪ ਕਰਵਾਏ ਗਏ



**ਧੂਰੀ, ( ਰਣਜੀਤ ਸਿੰਘ ਪੇਧਨੀ )**-ਸਰਪੰਚ ਮਨਦੀਪ ਪਤਨੀ ਰਵਿੰਦਰ ਕੁਮਾਰ ਰਿੰਕਾ ਪਿੰਡ ਹਸਨਪੁਰ ਦੀ ਸਮੂਹ ਨਗਰ ਪੰਚਾਇਤ ਵੱਲੋਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਕਰਾਨਾ ਅਤੇ ਨਗਰ ਨਿਵਾਸੀਆਂ ਦਾ ਧੰਨਵਾਦ ਕਰਨ ਦੇ ਲਈ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕਰਵਾਏ ਗਏ । ਇਸ ਮੌਕੇ ਸਰਪੰਚ ਰਵਿੰਦਰ ਕੁਮਾਰ ਰਿੰਕਾ ਅਤੇ ਕਿਸਾਨ ਆਗੂ ਕੁਲਵਿੰਦਰ ਸਿੰਘ ਸਿੱਧੂ ਨੇ ਨਗਰ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਹੋਇਆਂ ਕਿਹਾ ਕਿ ਅਸੀਂ ਜਿੱਥੇ ਪਰਮਾਤਮਾ ਦਾ ਸ਼ੁਕਰ ਅਦਾ ਕਰਦੇ ਹਾਂ ਉੱਥੇ ਸਾਰੇ ਨਗਰ ਦਾ ਦਿਲ ਦੀਆਂ ਗਹਿਰਾਈਆਂ ਚੋਂ ਧੰਨਵਾਦ ਕਰਦੇ ਹਾਂ ਜਿਨਾਂ ਨੇ ਸਾਨੂੰ ਨਗਰ ਦੀ ਸੇਵਾ ਕਰਨ ਦਾ ਮੌਕਾ ਦਿੱਤਾ। ਅਸੀਂ ਸੰਗਤਾਂ ਨੂੰ ਵਿਸਵਾਸ ਦਵਾਉਂਦੇ ਹਾਂ ਪਿੰਡ ਵਿੱਚ ਵਿਕਾਸ ਕਾਰਜਾਂ ਨੂੰ ਪਹਿਲ ਦੇ ਅਧਾਰ ਤੇ ਲੈ ਕੇ ਚੱਲਾਂਗੇ ਅਤੇ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਪਿੰਡ ਦਾ ਵਿਕਾਸ ਕਰਾਗੇ । ਜਿਸ ਵਿੱਚ ਪੰਚ ਸੰਦੀਪ ਸਿੰਘ, ਪੰਚ ਜਗਦੀਪ ਸਿੰਘ, ਪੰਚ ਸੁਖਪਾਲ ਸਿੰਘ, ਪੰਚ ਬਿੰਕਰ ਸਿੰਘ, ਪੰਚ ਪਰਮਜੀਤ ਕੌਰ ਪਤਨੀ ਜਗਤਾਰ ਸਿੰਘ, ਪੰਚ ਮਿੱਠੂ ਸਿੰਘ, ਪੰਚ ਗੁਰਵਿੰਦਰ ਸਿੰਘ ,ਪੰਚ ਹਰਪ੍ਰੀਤ ਸਿੰਘ ਭੋਲਾ ਹਰਭੰਸ ਸਿੰਘ ਪੰਚ, ਅਵਤਾਰ ਸਿੰਘ ਪ੍ਰਧਾਨ ਗੁਰਦੁਆਰਾ ਕਮੇਟੀ ਹਰਦੀਪ ਸਿੰਘ ਬਚਿੱਤ ਸਿੰਘ ਸਰਵਨ ਸਿੰਘ ਸਿਗਾਰਾ ਸਿੰਘ ਹਾਜਰ ਸਨ।

# ਰੁੱਖ ਪਿੰਡਾਂ ਦੀ ਸ਼ਾਨ ਹੁੰਦੇ ਨੇ- ਲਵੀ ਕੋਟਮਾਨਾ



ਜੋ ਰੁੱਖ ਹੁੰਦੇ ਨੇ ਉਹ ਪਿੰਡਾਂ ਦੀ ਸ਼ਾਨ ਹੋਇਆ ਕਰਦੇ ਨੇ, ਇੰਨਾ ਨਾਲ ਹੀ ਪਿੰਡਾਂ ਦੀ ਟੌਹਰ ਹੁੰਦੀ ਹੈ। ਪਿੰਡ ਕੋਟਮਾਨਾ ਦੇ ਨੌਜਵਾਨਾਂ ਨਾਲ ਗੱਲਬਾਤ ਕਰਦਿਆਂ ਯੂਥ ਆਗੂ ਲਵਪ੍ਰੀ ਸਿੰਘ ਕੋਟਮਾਨ ਨੇ ਕਿਹਾ ਰੁੱਖ ਪਿੰਡਾਂ ਦਾ ਸਰਮਾਇਆ ਹੁੰਦੇ ਹਨ। ਜਿੱਥੇ ਰੁੱਖਾਂ ਦੇ ਨਾਲ ਪਿੰਡਾਂ ਦੀ ਟੌਹਰ ਬਣਦੀ ਹੈ ਉੱਥੇ ਹੀ ਰੁੱਖ ਸਾਡੀ ਸਿਹਤ ਲਈ ਬਹੁਤ ਜ਼ਿਆਦਾ ਫਾਇਦੇਮੰਦ ਹੁੰਦੇ ਹਨ। ਇਹ ਦਰੱਖਤ ਹੀ ਨੇ ਜੋ ਸਾਡੇ ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਕਰਦੇ ਹਨ, ਆਪ ਗੰਦੀ ਹਵਾ ਲੈ ਕੇ ਤੇ ਹਵਾ ਨੂੰ ਸਾਫ ਕਰਕੇ ਆਕਸੀਜਨ ਦੇ ਰੂਪ ਵਿੱਚ ਪ੍ਰਦਾਨ ਕਰਦੇ ਹਨ। ਇਸ ਲਈ ਹਰ ਘਰ ਵਿੱਚ ਘੱਟੋ ਘੱਟ ਇੱਕ ਰੁੱਖ ਲਗਾਉਣਾ ਜਰੂਰੀ ਹੈ। ਸਮੂਹ ਨੌਜਵਾਨਾਂ ਨੇ ਵਾਅਦਾ ਕੀਤਾ ਕਿ ਅਸੀਂ ਜਲਦ ਆਪਣੇ ਪਿੰਡ ਵਿੱਚ ਵੱਧ ਤੋਂ ਵੱਧ ਰੁੱਖ ਲਗਾ ਕੇ ਵਾਤਾਵਰਣ ਬਚਾਉ ਦੇ ਨਾਅਰੇ ਕਾਮਯਾਬ ਕਰਨ ਦੀ ਕੋਸ਼ਿਸ਼ ਕਰਾਂਗੇ। ਉਨ੍ਹਾਂ ਇਹ ਵੀ ਕਿਹਾ ਸਮੂਹ ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀ ਸਾਡਾ ਇਸ ਕੰਮ ਲਈ ਪੂਰਨ ਤੌਰ ਤੇ ਸਹਿਯੋਗ ਦੇਣ। ਇਸ ਮੌਕੇ ਪਿੰਡ ਕੋਟਮਾਨ ਦੇ ਯੂਥ ਆਗੂ ਲਵਪ੍ਰੀ ਸਿੰਘ ਕੋਟਮਾਨ, ਪੰਚ ਜਸਪਾਲ ਸਿੰਘ ,ਸਾਬਕਾ ਪੰਚ ਨਿਰਮਲ ਸਿੰਘ, ਕਰਨਦੀਪ ਸਿੰਘ ਸੰਜੂ,ਇੰਜਨੀਅਰ ਅਮਨਦੀਪ ਸਿੰਘ, ਅੰਮ੍ਰਿਤਪਾਲ ਸਿੰਘ , ਹਰਪ੍ਰੀਤ ਸਿੰਘ, ਕਮਲਜੀਤ ਸਿੰਘ,ਗੁਰਪ੍ਰੀਤ ਸਿੰਘ, ਜਸਪ੍ਰੀਤ ਸਿੰਘ ਜੱਸਾ, ਅਰਸ਼ਪ੍ਰੀ ਸਿੰਘ, ਗੋਬਿੰਦਾ ਕੋਟਮਾਨ, ਹਰਸ਼ਦੀਪ ਸਿੰਘ ਤੇ ਹੋਰ ਨੌਜਵਾਨ ਹਾਜਰ ਸਨ।

# ਪਿੰਡ ਰਸੂਲਪੁਰ (ਮੱਲ੍ਹਾ) ਵਿਖੇ ਜੈਕਾਰਿਆਂ ਦੀ ਗੂੰਜ ਵਿੱਚ ਮਹਾਨ ਨਗਰ ਕੀਰਤਨ 10 ਨਵੰਬਰ ਨੂੰ ਸਜਾਇਆ ਜਾਵੇਗਾ -ਪ੍ਰਧਾਨ ਜੋਰਾ ਸਿੰਘ ਰਸੂਲਪੁਰ



ਜਗਰਾਉਂ -(ਵਰਿਆਮ ਹਠੂਰ) ਸਿੱਖ ਧਰਮ ਦੇ ਬਾਨੀ ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰਸੂਲਪੁਰ (ਮੱਲ੍ਹਾ) ਵਿਖੇ ਗੁਰੂ ਨਾਨਕ ਨਗਰ ਕੀਰਤਨ ਕਮੇਟੀ ਵੱਲੋਂ ਪ੍ਰੋਗਰਾਮਾਂ ਦੀਆਂ ਤਿਆਰੀਆਂ ਅਰੰਭ ਕਰ ਦਿੱਤੀਆਂ ਹਨ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਜੋਰਾ ਸਿੰਘ ਰਸੂਲਪੁਰ ਨੇ ਕਿਹਾ ਕਿ ਸਤਿਗੁਰਾਂ ਦੀ ਅਪਾਰ ਕਿਰਪਾ ਸਦਕਾ 2 ਨਵੰਬਰ ਨੂੰ ਗੁਰਦੁਆਰਾ ਸੰਤੋਖਸਰ ਸਾਹਿਬ ਵਿਖੇ ਸ਼੍ਰੀ ਸਹਿਜ ਪਾਠ ਅਰੰਭ ਕੀਤੇ ਜਾਣਗੇ ਜਿੰਨ੍ਹਾਂ ਦੇ ਭੋਗ 15 ਨਵੰਬਰ ਨੂੰ ਸਰਧਾ ਅਤੇ ਸਤਿਕਾਰ ਸਹਿਤ ਪਾਏ ਜਾਣਗੇ, 5 ਨਵੰਬਰ ਤੋ ਲੈ ਕੇ 9 ਨਵੰਬਰ ਤੱਕ ਪਿੰਡ ਵਿੱਚ ਪ੍ਰਭਾਤ ਫੇਰੀਆਂ ਕੀਤੀਆ ਜਾਣਗੀਆਂ, ਅਤੇ 10 ਨਵੰਬਰ ਦਿਨ ਐਤਵਾਰ ਨੂੰ ਪੁਰਾਤਨ ਰਵਾਇਤਾਂ ਅਨੁਸਾਰ ਹਰ ਸਾਲ ਦੀ ਤਰ੍ਹਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੀ ਗੂੰਜ ਵਿੱਚ ਸਜਾਇਆ ਜਾਵੇਗਾ, ਮਹਾਨ ਨਗਰ ਕੀਰਤਨ ਵਿੱਚ ਪੰਥ ਦੇ ਮਹਾਨ ਕਵੀਸ਼ਰ ਭਾਈ ਕੁਲਵੰਤ ਸਿੰਘ ਸਿੰਘ ਜੀ ਮਾਣੂੰਕੇ, ਕਵੀਸ਼ਰੀ ਕਲਾ ਰਾਹੀਂ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਨਗੇ, ਅਤੇ ਬੀਬੀ ਬਲਵਿੰਦਰ ਕੌਰ ਜੀ ਖਹਿਰਾ ਦਾ ਪ੍ਰਸਿੱਧ ਢਾਡੀ ਜੱਥਾ ਢਾਡੀ ਕਲਾ ਰਾਹੀਂ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰੇਗਾ, ਗੁਰਦੁਆਰਾ ਮੈਹਦੇਆਣਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਜਿੰਦਰ ਸਿੰਘ ਜੀ ਰਾਜਾ (ਰਸੂਲਪੁਰ ਵਾਲੇ), ਸ਼ਬਦ ਧਾਰਨਾਵਾਂ ਰਾਹੀਂ ਨਾਲ ਨਾਲ ਹਾਜ਼ਰੀਆਂ ਭਰਨਗੇ, 15 ਨਵੰਬਰ ਦਿਨ ਸ਼ੁਕਰਵਾਰ ਨੂੰ ਸ੍ਰੀ ਸਹਿਜ ਪਾਠਾਂ ਦੇ ਭੋਗ ਪਾਏ ਜਾਣਗੇ, ਭੋਗ ਤੋ ਬਾਅਦ ਦੀਵਾਨ ਸਜਾਏ ਜਾਣਗੇ, ਅੰਤ ਵਿੱਚ ਪ੍ਰਧਾਨ ਜੋਰਾ ਸਿੰਘ ਰਸੂਲਪੁਰ ਨੇ ਕਿਹਾ ਕਿ ਨਗਰ ਅਤੇ ਆਸ ਪਾਸ ਤੋਂ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਸਮਾਗਮਾਂ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ, ਤੇ ਇਸ ਸਾਰੇ ਸਮਾਗਮ ਨੂੰ ਲਾਇਵ ਵੀ ਦੇਖਿਆ ਜਾ ਸਕੇਗਾ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਜੌਰੀ ਗਾਰਡਨ ਵਿੱਚ ਲਾਇਨਜ਼ ਕਲਬ ਦੇ ਸਹਿਯੋਗ ਨਾਲ ਸਿਹਤ ਚੈਕਅਪ ਕੈਂਪ ਲਗਾਇਆ ਗਿਆ



ਨਵੀਂ ਦਿੱਲੀ 27 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ): ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਜੌਰੀ ਗਾਰਡਨ ਵਿੱਚ ਲਾਇਨਜ਼ ਕਲਬ ਦੇ ਸਹਿਯੋਗ ਨਾਲ ਸਿਹਤ ਚੈਕਅਪ ਕੈਂਪ ਲਗਾਇਆ ਗਿਆ, ਜਿਸਦਾ ਸੰਗਤ ਨੇ ਪੂਰਾ ਫਾਇਦਾ ਉਠਾਇਆ। ਇਸਦੇ ਨਾਲ ਨਾਲ ਪ੍ਰਾਥਮਿਕ ਚਿਕਿਤਸਾ ਦੁਆਰਾ ਬਿਮਾਰੀਆਂ ਦਾ ਇਲਾਜ ਕਰਨ ਬਾਰੇ ਇੱਕ ਸੈਮੀਨਾਰ ਵੀ ਕਰਵਾਇਆ ਗਿਆ, ਜਿਸ ਵਿੱਚ ਦੱਸਿਆ ਗਿਆ ਕਿ ਨੈਚਰੋਪੈਥੀ ਦੁਆਰਾ ਹਰ ਤਰ੍ਹਾਂ ਦੀਆਂ ਬਿਮਾਰੀਆਂ ਦਾ ਇਲਾਜ ਸੰਭਵ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਹਰਮਨਜੀਤ ਸਿੰਘ, ਮਹਾਸਚਿਵ ਮਨਜੀਤ ਸਿੰਘ ਖੰਨਾ, ਕੋਸ਼ਾਧਿਕਾਰੀ ਪ੍ਰੀਤਪ੍ਰਤਾਮ ਸਿੰਘ ਵਿਕਕੀ, ਉਪ ਪ੍ਰਧਾਨ ਬੀਬੀ ਪਰਮਿੰਦਰ ਕੌਰ, ਸਕਰਟਰੀ ਪਰਮਿੰਦਰ ਸਿੰਘ, ਸਿੱਖ ਯੁਵਕ ਫਾਉਂਡੇਸ਼ਨ ਦੇ ਮੁਖੀ ਹਰਨੀਕ ਸਿੰਘ, ਅਜੀਤ ਸਿੰਘ ਮੋਂਗਾ ਅਤੇ ਹੋਰ ਬਹੁਤ ਸਾਰੇ ਮਾਣਯੋਗ ਵਿਅਕਤੀਆਂ ਇਸ ਮੌਕੇ 'ਤੇ ਮੌਜੂਦ ਰਹੇ। ਗੁਰਦੁਆਰਾ ਸਾਹਿਬ ਵਿੱਚ ਚੱਲ ਰਹੀ ਡਿਸਪੈਂਸਰੀ ਦੇ ਚੇਅਰਮੈਨ ਰਾਜਾ ਬਖਸ਼ੀ ਨੇ ਦੱਸਿਆ ਕਿ ਇਸ ਤਰਾਂ ਦੇ ਕੈਂਪ ਸਮੇਂ ਸਮੇਂ 'ਤੇ ਲਗਾਏ ਜਾਂਦੇ ਹਨ, ਜਿਸ ਵਿੱਚ ਸੰਗਤ ਦੀ ਸਿਹਤ ਦੀ ਜਾਂਚ ਕੀਤੀ ਜਾਂਦੀ ਹੈ। ਸ. ਹਰਮਨਜੀਤ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਵਿੱਚ ਚੱਲ ਰਹੀ ਗੁਰੂ ਨਾਨਕ ਚੈਰਿਟੇਬਲ ਡਿਸਪੈਂਸਰੀ ਵਿੱਚ ਕੀਮੋਥੈਰੇਪੀ, ਮੈਗਨੋਗ੍ਰਾਫੀ, ਓਪੀਜੀ ਐਕਸਰੇ, ਡੈਂਟਲ, ਮੋਤਿਆਬਿੰਦ ਸਹਿਤ ਅੱਖਾਂ ਦੀਆਂ ਹੋਰ ਬਿਮਾਰੀਆਂ ਦਾ ਇਲਾਜ, ਫਿਜੀਓਥੈਰੇਪੀ ਵਰਗੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਸਮੇਂ ਸਮੇਂ 'ਤੇ ਵੱਖ-ਵੱਖ ਸੰਸਥਾਵਾਂ ਨਾਲ ਮਿਲ ਕੇ ਸਿਹਤ ਚੈਕਅਪ ਕੈਂਪ ਵੀ ਲਗਾਏ ਜਾਂਦੇ ਹਨ।

ਜ਼ਸਵਿੰਦਰ ਸਿੰਘ ਧੰਜਲ ਕਾਲਾ ਯੂ.ਕੇ ਸਪੁੱਤਰ ਸਿਮਰਨਪਾਲ ਸਿੰਘ ਧੰਜਲ ਦਾ ਵਿਆਹ ਕਾਰਜ ਨਿਕਤਾ ਨਾਲ ਗੁਰਮਰਿਆਦਾ ਨਾਲ ਹੋਇਆ

# ਭਾਰੀ ਗਿਣਤੀ ਵਿਚ ਸੰਤ-ਮਹਾਂਪੁਰਸ਼, ਨਿਰਮਲ ਕੁਟੀਆ, ਸੀਚੇਵਾਲ ਹੋਏ ਸ਼ਾਮਲ






ਫ਼ਿਰੋਜ਼ਪੁਰ, 27 ਅਕਤੂਬਰ (ਮਨੋਹਰ ਲਾਲ) :— ਸ: ਜ਼ਸਵਿੰਦਰ ਸਿੰਘ ਧੰਜਲ ਯੂ.ਕੇ ਦੇ ਸਪੁੱਤਰ ਸਿਮਰਨਪਾਲ ਸਿੰਘ ਦਾ ਵਿਆਹ ਕਾਰਜ ਨਿਕਤਾ ਸਪੁੱਤਰੀ ਵਿਨੋਦ ਕੁਮਾਰ ਅਜੀਤ ਨਗਰ ਜਲੰਧਰ ਨਾਲ ਨਿਰਮਲ ਕੁਟੀਆ ਪਿੰਡ ਸੀਚੇਵਾਲ ਵਿਖੇ ਗੁਰਮਰਿਆਦਾ ਨਾਲ ਹੋਇਆ। ਇਸ ਮੌਕੇ ਤੇ ਵੱਡੀ ਗਿਣਤੀ ਵਿਚ ਸੰਤਾਂ, ਮਹਾਂਪੁਰਸ਼ਾਂ ਨੇ ਸੁਭਾਗੀ ਜ਼ੋੜੀ ਨੂੰ ਅਸ਼ੀਰਵਾਦ ਦਿੱਤਾ। ਇਸ ਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਹਾਜ਼ਰੀ ਭਰੀ। ਇਸ ਮੌਕੇ ਤੇ ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ, ਸੰਤ ਬਾਬਾ ਲੱਖਾ ਸਿੰਘ ਨਾਨਕਸਰ ਵਾਲੇ, ਜਥੇਦਾਰ ਬਾਬਾ ਬਲਬੀਰ ਸਿੰਘ ਨਿਹੰਗ ਸਿੰਘ 96 ਕਰੋੜੀ ਬਾਬਾ ਬੁੱਢਾ ਦਲ ਮੁਖੀ, ਸੰਤ ਬਾਬਾ ਸੁਖਜੀਤ ਸਿੰਘ ਸੀਚੇਵਾਲ, ਸੰਤ ਬਾਬਾ ਜਗਤਾਰ ਸਿੰਘ ਕਾਰ ਸੇਵਾ ਤਰਨਤਾਰਨ ਸਾਹਿਬ ਵਾਲੇ, ਸੰਤ ਬਾਬਾ ਕਪੂਰ ਸਿੰਘ ਸਨੇਰਾਂ ਵਾਲੇ, ਸੰਤ ਬਾਬਾ ਪਰਮਜੀਤ ਸਿੰਘ ਹੰਸਾਲੀ ਵਾਲੇ, ਸੰਤ ਬਾਬਾ ਧੰਨਾ ਸਿੰਘ ਬੜੂਦੀ ਵਾਲੇ, ਸੰਤ ਅਮਰੀਕ ਸਿੰਘ ਖੁਬਰੈਣ ਵਾਲੇ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸੰਤਾਂ, ਮਹਾਂਪੁਰਸ਼ਾਂ ਨੇ ਸੁਭਾਗੀ ਜ਼ੋੜੀ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਤੇ ਬਾਬਾ ਹਰਜੀਤ ਸਿੰਘ ਯੂ.ਕੇ ਵਾਲਿਆਂ ਨੇ ਕਥਾ ਕੀਤੀ। ਇਸ ਮੌਕੇ ਤੇ ਬਾਬਾ ਬਲਵੀਰ ਸਿੰਘ ਸੀਚੇਵਾਲ ਨੇ ਬੋਲਦਿਆਂ ਕਿਹਾ ਕਿ ਚਾਰ ਲਾਵਾਂ ਦਾ ਅਰਥ ਪ੍ਰਭੂ ਨਾਲ ਮਿਲਾਪ ਹੁੰਦਾ ਹੈ, ਸਾਨੂੰ ਚਾਰ ਲਾਵਾਂ ਦਾ ਅਰਥ ਜ਼ਰੂਰ ਸਮਝਣਾ ਚਾਹੀਦਾ ਹੈ ਤਾਂ ਹੀ ਅਸੀਂ ਆਪਣੀ ਗ੍ਰੰਥੀ ਜੀਵਨ ਸੁਖ ਨਾਲ ਬਿਤਾ ਸਕਦੇ ਹਾਂ। ਇਸ ਮੌਕੇ ਤੇ ਸੰਤ ਬਾਬਾ ਬਲਵੀਰ ਸਿੰਘ ਸੀਚੇਵਾਲ ਨੇ ਭਾਈ ਜ਼ਸਵਿੰਦਰ ਸਿੰਘ ਜੀ ਦੀ ਪ੍ਰਸੰਸਾ ਕਰਦੇ ਆਖਿਆ ਕਿ ਇਹ ਸਾਰਾ ਪਰਿਵਾਰ ਗੁਰ ਸਿੱਖ ਪਰਿਵਾਰ ਹੈ ਅਤੇ ਹਮੇਸ਼ਾ ਯੂ.ਕੇ ਦੀ ਧਰਤੀ ਤੇ ਵੱਡੇ—ਵੱਡੇ ਸਮਾਗਮ ਕਰਵਾਉਂਦੇ ਹਨ, ਜਿਵੇਂ ਕਿ ਸੰਤਬਰ ਵਿਚ ਧੰਨ—ਧੰਨ ਬਾਬਾ ਨੰਦ ਸਿੰਘ ਜੀ ਦੀ ਯਾਦ ਵਿਚ ਬੜੇ ਵੱਡੇ ਪੱਧਰ ਤੇ ਮਨਾਉਂਦੇ ਹਨ ਅਤੇ ਨਵੰਬਰ ਮਹੀਨੇ ਵਿਚ ਸੰਤ ਬਾਬਾ ਨਾਹਰ ਸਿੰਘ ਜੀ ਦੀ ਯਾਦ ਹਰ ਸਾਲ ਮਨਾਉਂਦੇ ਹਨ, ਜਿਸ ਵਿਚ ਦੇਸ਼—ਵਿਦੇਸ਼ ਦੀਆਂ ਸੰਗਤਾਂ ਭਾਰੀ ਗਿਣਤੀ ਵਿਚ ਪਹੁੰਚਦੀਆਂ ਹਨ।

# ਖਾਲਸਾ ਸਕੂਲ ਦੇ ਵਿਦਿਆਰਥੀਆਂ ਨੇ ਅਥਲੈਟਿਕਸ ਮੁਕਾਬਲਿਆਂ ਵਿਚ ਮਾਰੀਆਂ ਮੱਲਾਂ



ਫ਼ਿਰੋਜ਼ਪੁਰ, 27 ਅਕਤੂਬਰ (ਮਨੋਹਰ ਲਾਲ) :— ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਦੀ ਰਹਿਨੁਮਾਈ ਹੇਠ ਚੱਲ ਰਹੇ ਸੰਤ ਕਰਤਾਰ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਬੁਰਜ ਮੱਖਣ ਸਿੰਘ ਵਾਲਾ ਵਿਖੇ ਬੱਚਿਆਂ ਦੇ ਲੰਮੀ ਛਾਲ ਅਤੇ ਗੋਲਾ ਸੁੱਟਣ ਦੇ ਮੁਕਾਬਲੇ ਕਰਵਾਏ ਗਏ। ਇਹ ਮੁਕਾਬਲੇ ਬੱਚਿਆਂ ਦੇ ਚਾਰ ਹਾਊਸ ਬਣਾ ਕੇ ਕਰਵਾਏ ਗਏ ਅਤੇ ਇਨ੍ਹਾਂ ਮੁਕਾਬਲਿਆਂ ਵਿਚ ਹਾਊਸ ਸੀ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਹਾਊਸ ਬੀ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਦੂਜਾ ਸਥਾਨ ਅਤੇ ਹਾਊਸ ਏ ਸਾਹਿਬਜ਼ਾਦਾ ਅਜੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਜ਼ਸਪ੍ਰੀਤ ਕੌਰ ਨੇ ਕਿਹਾ ਕਿ ਮੋਬਾਇਲ ਅਤੇ ਟੀ.ਵੀ ਦੀ ਵਰਤੋਂ ਘੱਟ ਤੋਂ ਘੱਟ ਕਰੋ ਅਤੇ ਖੇਡਾਂ ਵੱਲ ਵੱਧ ਤੋਂ ਵੱਧ ਧਿਆਨ ਦਿੱਤਾ ਜਾਵੇ। ਇਸ ਮੌਕੇ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਲਰਾਜ ਸਿੰਘ, ਗੁਰਵਿੰਦਰ ਸਿੰਘ, ਬਾਬਾ ਇੰਦਰਜੀਤ ਸਿੰਘ, ਮੈਡਮ ਅੰਜੂ ਬਾਲਾ, ਮੈਡਮ ਲਤਾ ਰਾਣੀ ਆਦਿ ਸਟਾਫ ਹਾਜ਼ਰ ਸੀ।

# ਸਰਕਾਰ ਵਪਾਰੀ ਵਰਗ ਨੂੰ ਤੰਗ ਕਰਨਾ ਕਰੇ ਬੰਦ : ਕੇਵਲ ਢਿਲੋਂ



ਬਰਨਾਲਾ ( ਰਣਜੀਤ ਸਿੰਘ ਪੇਧਨੀ ) ਸਰਕਾਰ ਦੇ ਜੀਐਸਟੀ ਵਿਭਾਗ ਅਤੇ ਪੁਲਿਸ ਅਧਿਕਾਰੀਆਂ ਵੱਲੋਂ ਸ਼ਹਿਰ ਚ ਜ਼ੋਰਾਂ ਤੇ ਛਾਪੇਮਾਰੀ ਅਤੇ ਚੈਕਿੰਗ ਕੀਤੀ ਜਾ ਰਹੀ ਹੈ। ਬਰਨਾਲਾ ਤੋਂ ਭਾਜਪਾ ਦੇ ਉਮੀਦਵਾਰ ਅਤੇ ਸਾਬਕਾ ਐਮਐਲਏ ਕੇਵਲ ਸਿੰਘ ਢਿੱਲੋ ਨੇ ਲਾਈਵ ਹੋ ਕੇ ਪ੍ਰਸ਼ਾਸਨ ਅਤੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਤਿਉਹਾਰਾਂ ਮੌਕੇ ਵਪਾਰੀ ਵਰਗ ਨੂੰ ਤੰਗ ਕਰਨਾ ਬੰਦ ਕਰ ਦੇਵੇ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਉਹ ਸਰਕਾਰ ਦੇ ਵੱਲੋਂ ਇਸ ਮੌਕੇ ਕੀਤੀ ਜਾਣ ਵਾਲੀ ਸਖਤੀ ਦੀ ਸਖਤ ਨਿਖੇਧੀ ਕਰਦੇ ਹਨ। ਕੇਵਲ ਸਿੰਘ ਢਿਲੋਂ ਨੇ ਸ਼ਹਿਰ ਵਾਸੀਆਂ ਨੂੰ ਲਾਈਵ ਹੋ ਕੇ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਵੀ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਉਹਨਾਂ ਨਾਲ ਸੰਪਰਕ ਕਰ ਸਕਦੇ ਹਨ ਢਿੱਲੋ ਨੇ ਕਿਹਾ ਕਿ ਉਹ ਆਪਣੇ ਸ਼ਹਿਰ ਵਾਸੀਆਂ ਨਾਲ ਹਮੇਸ਼ਾ ਖੜੇ ਹਨ ਤੇ ਅੱਗੇ ਵੀ ਡੱਟ ਕੇ ਖੜੇ ਰਹਿਣਗੇ।

ਵਿਧਾਇਕ ਰਣਬੀਰ ਸਿੰਘ ਭੁੱਲਰ ਹੋਏ ਮੁੱਖ ਮਹਿਮਾਨ ਵਜੋਂ ਸ਼ਾਮਿਲ

# ਬਜ਼ੁਰਗਾਂ ਨੇ ਧੂਮਧਾਮ ਨਾਲ ਮਨਾਇਆ ਦਿਵਾਲੀ ਤੇ ਜਨਮਦਿਨ ਉਤਸਵ




**ਫ਼ਿਰੋਜ਼ਪੁਰ, 27 ਅਕਤੂਬਰ (ਮਨੋਹਰ ਲਾਲ) :—** ਅੱਜ ਸੀਨੀਅਰ ਸਿਟੀਜਨ ਕੌਂਸਲ ਨੇ ਬਾਗਬਾਨ ਵਿਖੇ ਬਜ਼ੁਰਗਾਂ ਦੀ ਦਿਵਾਲੀ ਅਤੇ ਜਨਮ ਦਿਨ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਤੇ ਫ਼ਿਰੋਜ਼ਪੁਰ ਸ਼ਹਿਰੀ ਹਲਕੇ ਤੋਂ ਵਿਧਾਇਕ ਰਣਬੀਰ ਸਿੰਘ ਭੁੱਲਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ, ਉਨ੍ਹਾਂ ਨਾਲ ਅਭਿਸ਼ੇਕ ਅਰੋੜਾ ਡਾਇਰੈਕਟਰ ਫੈਸਲਿਟੀ ਅਮਨਦੀਪ ਹੋਸਪਿਟਲ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਡੀ.ਸੀ.ਬੀ ਬੈਂਕ ਦੇ ਮੈਨੇਜਰ ਮਨੀਸ਼ ਸ਼ਰਮਾ ਬਜ਼ੁਰਗਾ ਦਾ ਆਸ਼ੀਰਵਾਦ ਲੈਣ ਲਈ ਜਨਮਦਿਨ ਦੇ ਕੇਕ ਲੈ ਕੇ ਪੁੱਜੇ ਅਤੇ ਬਜ਼ੁਰਗਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

ਕੌਂਸਲ ਪ੍ਰਧਾਨ ਸ੍ਰੀ ਪੀ.ਡੀ ਸ਼ਰਮਾ ਨੇ ਦੱਸਿਆ ਕਿ ਕੌਂਸਲ ਨੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬਜ਼ੁਰਗਾਂ ਲਈ ਦਿਵਾਲੀ ਅਤੇ ਉਨ੍ਹਾਂ ਦੇ ਜਨਮਦਿਨ ਬੜੀ ਧੂਮ—ਧਾਮ ਨਾਲ ਮਨਾਉਣ ਦਾ ਪ੍ਰਬੰਧ ਕੀਤਾ। ਸਮਾਗਮ ਵਿੱਚ ਸੀਨੀਅਰ ਸਿਟੀਜਨ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ, ਕੌਂਸਲ ਦੇ ਅਧਿਕਾਰੀਆਂ ਵੱਲੋਂ ਆਏ ਮਹਿਮਾਨਾਂ ਦਾ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ, ਜਦੋਂ ਕਿ ਸ੍ਰੀ ਪ੍ਰੇਮ ਨਾਥ ਵੱਲੋਂ ਵਿਸ਼ੇਸ਼ ਗੀਤ ਬਹਾਰੋ ਫੂਲ ਬਰਸਾਓ ਮੇਰਾ ਮਹਿਬੂਬ ਆਇਆ ਹੈ ਗੀਤ ਨਾਲ ਮਹਿਮਾਨਾਂ ਨੂੰ ਮੰਤਰਮੁਗਧ ਕੀਤਾ। ਇਸ ਮੌਕੇ ਤੇ ਵੱਖ—ਵੱਖ ਸੀਨੀਅਰ ਕਲਾਕਾਰਾਂ ਵੱਲੋਂ ਗੀਤ ਗਾ ਕੇ ਸਮੇਂ ਨੂੰ ਬੰਨੀ ਰੱਖਿਆ, ਇਨ੍ਹਾਂ ਗੀਤਕਾਰਾਂ ਤੇ ਕਲਾਕਾਰਾਂ ਵਿੱਚ ਵਰਿੰਦਰ ਸ਼ਰਮਾ, ਪ੍ਰੇਮ ਨਾਥ, ਸ਼ਿਵਦਰਸ਼ਨ ਕੁਮਾਰ, ਅਸ਼ੋਕ ਕੱਕੜ, ਹਰੀ ਚੰਦ ਚੋਪੜਾ, ਓਮ ਪ੍ਰਕਾਸ਼, ਗੁਲਸ਼ਨ ਧਵਨ ਵੱਲੋਂ ਬਹੁਤ ਹੀ ਮਧੁਰ ਗੀਤ ਗਾਕੇ ਆਏ ਮਹਿਮਾਨਾਂ ਅਤੇ ਸੀਨੀਅਰ ਸਿਟੀਜਨ ਕੌਂਸਲ ਦੇ ਮੈਂਬਰਾਂ ਦਾ ਦਿਲ ਮੋਹ ਲਿਆ।

ਇਸ ਮੌਕੇ ਬੋਲਦਿਆਂ ਅਭਿਸ਼ੇਕ ਅਰੋੜਾ ਨੇ ਜਿੱਥੇ ਸੀਨੀਅਰ ਸਿਟੀਜਨ ਕੌਂਸਲ ਦੇ ਕੰਮਾਂ ਦੀ ਪ੍ਰਸ਼ੰਸ਼ਾ ਕੀਤੀ ਉਥੇ ਫਿਰੋਜ਼ਪੁਰ ਵਿੱਚ ਨਵੇਂ ਬਣੇ ਜੈਨਸਿਸ ਅਮਨਦੀਪ ਸੁਪਰ ਸਪੈਸ਼ਲਟੀ ਹਸਪਤਾਲ ਫਿਰੋਜ਼ਪੁਰ ਕੈਂਟ ਦੀਆਂ ਸਹੂਲਤਾਂ ਬਾਰੇ ਵੀ ਜਾਣੂ ਕਰਾਇਆ, ਉਨ੍ਹਾਂ ਕਿਹਾ ਕਿ ਦਿਵਾਲੀ ਤੇ ਜਨਮਦਿਨ ਦੇ ਮੌਕੇ ਤੇ ਜੈਨਸਿਸ ਅਮਨਦੀਪ ਸੁਪਰ ਸਪੈਸ਼ਲਟੀ ਹਸਪਤਾਲ ਫਿਰੋਜ਼ਪੁਰ ਕੈਂਟ ਵੱਲੋਂ ਬਜ਼ੁਰਗਾਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ ਅਤੇ ਤੋਹਫੇ ਭੇਜੇ ਗਏ ਹਨ ਜੋ ਸਮੂਹ ਬਜ਼ੁਰਗਾਂ ਦੇ ਵਿੱਚ ਵੰਡੇ ਜਾਣਗੇ। ਉਨ੍ਹਾਂ ਕਿਹਾ ਕਿ ਹਸਪਤਾਲ ਵਿਖੇ ਸੀਨੀਅਰ ਸਿਟੀਜਨ ਲਈ ਵਿਸ਼ੇਸ਼ ਕੋਨਾ ਬਣਾਇਆ ਗਿਆ ਹੈ ਅਤੇ ਉਨ੍ਹਾਂ ਲਈ ਵਿਸ਼ੇਸ਼ ਪ੍ਰਬੰਧ ਵੀ ਰੱਖੇ ਗਏ ਹਨ, ਕਦੀ ਵੀ ਕੋਈ ਦੁੱਖ—ਸੁੱਖ ਆਉਂਦਾ ਹੈ ਤਾਂ ਉਨ੍ਹਾਂ ਨੂੰ ਪਹਿਲ ਦੇ ਅਧਾਰ ਤੇ ਤੁਰੰਤ ਸਹਾਇਤਾ ਦੇਣ ਬਾਰੇ ਗੱਲ ਕੀਤੀ।

ਸਮਾਗਮ ਦੇ ਮੁੱਖ ਮਹਿਮਾਨ ਰਣਬੀਰ ਸਿੰਘ ਭੁੱਲਰ ਨੇ ਬੋਲਦਿਆਂ ਕਿਹਾ ਕਿ ਉਹ ਸੀਨੀਅਰ ਸਿਟੀਜਨ ਕੌਂਸਲ ਦੇ ਪ੍ਰੋਗਰਾਮ ਵਿੱਚ ਪਹਿਲਾਂ ਵੀ ਸ਼ਿਰਕਤ ਕਰ ਚੁੱਕੇ ਹਨ ਤੇ ਉਨ੍ਹਾਂ ਦੇਖਿਆ ਹੈ ਕਿ ਸੀਨੀਅਰ ਸਿਟੀਜਨ ਕੌਂਸਲ ਬਜ਼ੁਰਗਾਂ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ ਜੋ ਕਿ ਪ੍ਰਸ਼ੰਸਾਯੋਗ ਹਨ। ਉਨ੍ਹਾਂ ਕਿਹਾ ਕਿ ਸੀਨੀਅਰ ਸਿਟੀਜਨ ਕੌਂਸਲ ਨੂੰ ਕਦੀ ਵੀ ਕੋਈ ਸਹਾਇਤਾ ਦੀ ਲੋੜ ਹੋਵੇ ਦਾ ਉਹ ਹਰ ਵੇਲੇ ਸਹਾਇਤਾ ਕਰਨ ਲਈ ਤਿਆਰ ਹਨ। ਪੰਚਾਇਤੀ ਚੋਣਾਂ ਦੀ ਗੱਲ ਕਰਦਿਆਂ ਸ੍ਰੀ ਭੁੱਲਰ ਨੇ ਕਿਹਾ ਕਿ ਫਿਰੋਜਪੁਰ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੀ ਅਗਵਾਈ ਵਿੱਚ ਜਿਵੇਂ ਪੰਚਾਇਤੀ ਚੋਣਾਂ ਅਮਨ—ਅਮਾਨ ਨਾਲ ਕਰਵਾਈਆਂ ਹਨ ਉਸੇ ਤਰ੍ਹਾਂ ਹੀ ਉਹ ਨਗਰ ਕੌਂਸਲ ਦੀਆਂ ਚੋਣਾਂ ਵਿਚ ਸੀਨੀਅਰ ਸਿਟੀਜਨ ਦਾ ਵਿਸ਼ੇਸ਼ ਸਹਿਯੋਗ ਦੀ ਆਸ ਕਰਦੇ ਹਨ ਉਨ੍ਹਾਂ ਨੇ ਇਸ ਗੱਲ ਨੂੰ ਮੰਨਿਆ ਕਿ ਬਜ਼ੁਰਗ ਸਾਡੇ ਦੇਸ਼ ਦਾ ਅਨਮੋਲ ਸਰਮਾਇਆ ਹਨ ਅਤੇ ਉਨ੍ਹਾਂ ਦੀ ਅਗਵਾਈ ਵਿੱਚ ਬਹੁਤ ਵੱਡੇ—ਵੱਡੇ ਕੰਮ ਹੋ ਸਕਦੇ ਹਨ। ਇਸ ਮੌਕੇ ਤੇ ਕੌਂਸਲ ਦੇ ਕਲਾਕਾਰ ਮੈਡਮ ਸ਼ਸ਼ੀ ਚੁੱਘ ਨੇ ਸਕਿਟ ਪੇਸ਼ ਕਰਦੇ ਹੋਏ ਬਹੁਤ ਵੱਡਾ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ, ਜਿਸ ਦੀ ਸਮੂਹ ਹਾਜ਼ਰੀਨ ਵੱਲੋਂ ਬਹੁਤ ਪ੍ਰਸੰਸ਼ਾ ਕੀਤੀ ਗਈ। ਉਨ੍ਹਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੰਦੇਸ਼ ਦਿੱਤਾ ਕਿ ਬਜ਼ੁਰਗ ਸਾਡੇ ਘਰਾਂ ਦੀ ਸ਼ਾਨ ਹਨ ਤੇ ਉਨ੍ਹਾਂ ਨੂੰ ਕਿਸੇ ਵੀ ਹਾਲਤ ਵਿੱਚ ਬਿਰਧ ਆਸ਼ਰਮ ਵਿੱਚ ਭੇਜਣਾ ਯੋਗ ਨਹੀਂ ਹੋਵੇਂਗਾ। ਇਸ ਮੌਕੇ ਤੇ ਇੱਕ ਲੱਕੀ ਡਰਾਅ ਵਿਸ਼ੇਸ਼ ਤੌਰ ਤੇ ਕੱਢਿਆ ਗਿਆ, ਜਿਸ ਦੇ ਜੇਤੂ ਦਸ ਲੱਕੀ ਮੈਂਬਰਾਂ ਨੂੰ ਗਿਫਟ ਦੇ ਕੇ ਮੁੱਖ ਮਹਿਮਾਨ ਅਤੇ ਵਿਸ਼ੇਸ਼ ਮਹਿਮਾਨ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਦਿਵਾਲੀ ਉਤਸਵ ਦੇ ਮੌਕੇ ਦੇ ਲਗਭਗ 100 ਤੋਂ ਵੱਧ ਬਜ਼ੁਰਗਾਂ ਨੂੰ ਗਿਫਟ ਦੇ ਕੇ ਸਨਮਾਨਿਤ ਕੀਤਾ ਗਿਆ।

ਗੱਲਬਾਤ ਕਰਦਿਆਂ ਆਗੂਆਂ ਨੇ ਕਹਾ ਕਿ ਕੌਂਸਲ ਦੀ ਵਿਸ਼ੇਸ਼ ਉਪਲਬਧੀ ਕੌਂਸਲ ਦੇ ਮੈਂਬਰ ਸੇਵਾ ਤੇ ਯਕੀਨ ਰੱਖਦੇ ਹਨ ਤਾਂ ਇਸ ਮੌਕੇ ਤੇ ਸੇਵਾ ਕਰਨ ਵਾਲੇ ਸਮੂਹ ਬਜ਼ੁਰਗਾਂ ਨੂੰ ਗਿਫਟ ਦੇ ਕੇ ਸਨਮਾਨਿਤ ਕੀਤਾ ਗਿਆ। ਡੀ.ਸੀ.ਬੀ ਬੈਂਕ ਦੇ ਮੈਨੇਜਰ ਮਨੀਸ਼ ਕੁਮਾਰ ਵੱਲੋਂ ਜਨਮਦਿਨ ਵਾਲੇ ਮੈਂਬਰਾਂ ਲਈ ਲਿਆਂਦੇ ਕੇਕ ਕੱਟ ਕੇ ਜਨਮਦਿਨ ਦਾ ਉਤਸਵ ਹੋਰ ਵੀ ਉਤਸ਼ਾਹਜਨਕ ਬਣਾ ਦਿੱਤਾ ਅਤੇ ਸਮੂਹ ਮੈਂਬਰਾਂ ਨੂੰ ਕੇਕ ਵੰਡਿਆ ਗਿਆ।